# ਗੁਰੂ ਅਥਵਾ ਸਤਿਗੁਰੂ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਗੁਰੂ ਸੰਸਕ੍ਰਿਤ ਦਾ ਸ਼ਬਦ ਹੈ ਜਿਸਦੇ ਅਰਥ ਹਨ ਅੰਧੇਰੇ ਵਿੱਚ ਪ੍ਰਕਾਸ਼ ਕਰਨ ਵਾਲਾ। ਅੰਧੇਰਾ ਦੋ ਪ੍ਰਕਾਰ ਦਾ ਹੁੰਦਾ ਹੈ। ਇੱਕ ਉਹ ਜੋ ਸੂਰਜ ਜਾਂ ਬੱਤੀ ਆਦਿ ਦੀ ਰੌਸ਼ਨੀ ਤੋਂ ਬਿਨਾਂ ਜਾਂ ਅੱਖਾਂ ਦੀ ਅਣਹੋਂਦ ਕਰਕੇ ਪ੍ਰਤੀਤ ਹੁੰਦਾ ਹੋਵੇ ਅਤੇ ਦੂਸਰਾ ਜੋ ਕਿਸੇ ਵਿੱਦਿਆ ਜਾਂ ਗਿਆਨ ਦੀ ਅਗਿਆਤ ਤੋਂ ਮਨ ਕਰਕੇ ਪ੍ਰਤੀਤ ਹੋਵੇ। ਸੰਸਾਰ ਵਿੱਚ ਹਰ ਪ੍ਰਕਾਰ ਦੇ ਗੁਣ, ਵਿੱਦਿਆ, ਦਸਤਕਾਰੀ ਆਦਿ ਕਿਸੇ ਤੋਂ ਸਿੱਖਣ ਨਾਲ ਹੀ ਆਉਂਦੇ ਹਨ। ਕੋਈ ਵੀ ਸਕੂਲ ਜਾਂ ਕਾਰਖਾਨਾ ਐਸਾ ਨਹੀਂ ਜਿਸ ਵਿੱਚ ਉਸ ਵਿੱਦਿਆ ਦੇ ਸਿਖਾਉਣ ਵਾਲਾ ਉਸਤਾਦ ਨਾ ਹੋਵੇ। ਸੰਸਾਰਿਕ ਵਿੱਦਿਆ ਦੇਣ ਵਾਲੇ ਇਹ ਸਾਰੇ ਵਿਵਹਾਰਕ ਗੁਰੂ ਹਨ ਅਤੇ ਆਤਮਿਕ ਵਿੱਦਿਆ ਦਾ ਦਾਤਾ ਸੱਚਾ ਸਤਿਗੁਰੂ ਹੀ ਹੈ ਪਰ ਸ਼ਾਸਤ੍ਰਾਂ ਵਿੱਚ ਵਰਤੇ ਗੁਰੂ ਪਦ ਤੋਂ ਗੁਰਮਤਿ ਵਿੱਚ ਆਏ ਗੁਰੂ ਸ਼ਬਦ ਦਾ ਭਾਵ ਵਿਲੱਖਣ ਹੈ। ਆਮ ਕਰਕੇ ਸੰਸਾਰ ਵਿੱਚ ਗੁਰੂ ਚਾਰ ਪ੍ਰਕਾਰ ਦੇ ਮੰਨੇ ਗਏ ਹਨ।

**੧. ਭ੍ਰਿੰਗੀ ਗੁਰੂ:-** ਉਹ ਗੁਰੂ ਜੋ ਆਪਣੇ ਨਾਲ ਮਿਲਦੇ ਸੁਭਾਅ ਵਾਲੇ ਬੰਦੇ ਉੱਤੇ ਤਾਂ ਆਪਣਾ ਪ੍ਰਭਾਵ ਪਾ ਲਵੇ ਪਰ ਹਰ ਇੱਕ ਆਦਮੀ ਪਿੱਛੇ ਲਾਉਣ ਤੋਂ ਅਸਮਰੱਥ ਹੋਵੇ।

**੨. ਪਾਰਸ ਗੁਰੂ:-** ਉਹ ਗੁਰੂ ਜੋ ਕਿਸੇ ਨੂੰ ਬੇਸਮਝੀ ਤੋਂ ਆਪਣੀ ਸਿੱਖਿਆ ਦੁਆਰਾ ਉੱਚਾ ਤਾਂ ਚੁੱਕ ਸਕੇ ਪਰ ਆਪਣੇ ਵਰਗਾ ਨਾ ਬਣਾ ਸਕੇ ਜਿਵੇਂ ਪਾਰਸ ਲੋਹੇ ਨੂੰ ਤਾਂ ਸੋਨਾ ਬਣਾ ਸਕਦਾ ਹੈ ਪਰ ਪਾਰਸ ਨਹੀਂ ਬਣਾ ਸਕਦਾ।

**੩. ਚੰਦਨ ਗੁਰੂ:-** ਜੋ ਆਪਣੇ ਸੁਭਾਅ ਅਤੇ ਗੁਣਾਂ ਰਾਹੀਂ ਆਪਣੇ ਨਜ਼ਦੀਕ ਰਹਿਣ ਵਾਲਿਆਂ ਨੂੰ ਤਾਂ ਗੁਣਾਂ ਵਾਲਾ ਬਣਾ ਸਕਦਾ ਹੈ ਪਰ ਹਰ ਕਿਸੇ ਨੂੰ ਨਹੀਂ। ਜਿਵੇਂ ਚੰਦਨ ਇੱਕ ਖ਼ਾਸ ਰੁੱਤ ਵਿੱਚ ਆਪਣੇ ਸਾਥੀ ਬੂਟਿਆਂ ਨੂੰ ਤਾਂ ਸੁਗੰਧੀ ਭਰੇ ਬਣਾ ਦਿੰਦਾ ਹੈ ਪਰ ਹਰ ਸਮੇਂ ਨਹੀਂ, ਬਾਂਸ ਨੂੰ ਤਾਂ ਕਦੇ ਵੀ ਨਹੀਂ।

**੪. ਬ੍ਰਿਹਸਪਤ ਗੁਰੂ:-** ਜੋ ਕਿਸੇ ਪ੍ਰਕਾਰ ਦੀ ਵਿੱਦਿਆ ਤਾਂ ਦੂਜਿਆਂ ਨੂੰ ਸਿਖਾਉਂਦਾ ਹੈ ਪਰ ਇਵਜਾਨਾ ਲਏ ਬਗ਼ੈਰ ਨਹੀਂ।ਕਈ ਵਾਰ ਐਸਾ ਹੁੰਦਾ ਹੈ ਕਿ ਉਸ ਤੋਂ ਵਿੱਦਿਆ ਪ੍ਰਾਪਤ ਕਰਨ ਵਾਲਾ ਆਪਣੇ ਬੁੱਧੀ ਬਲ ਦੁਆਰਾ ਉਸ ਨਾਲੋਂ ਵੀ ਵਧੇਰੇ ਸੂਝਵਾਨ ਹੋ ਜਾਂਦਾ ਹੈ।

ਇਸ ਤੋਂ ਇਲਾਵਾ ਪੰਜਵਾਂ ਗੁਰੂ ਹੈ ਸੱਚਾ ਸਤਿਗੁਰੂ ਜੋ ਆਪਣੀ ਰੂਹਾਨੀਅਤ ਦੁਆਰਾ ਬੁਝੇ ਹੋਏ ਦੀਵੇ ਵਰਗੇ, ਪ੍ਰਮਾਤਮਾ ਤੋਂ ਵਿਛੁੜੇ ਜੀਵ ਨੂੰ ਬ੍ਰਹਮ ਗਿਆਨ ਦੀ ਦਾਤ ਬਖਸ਼ ਕੇ ਉਸਦੇ ਹਿਰਦੇ ਵਿੱਚ ਸਦੀਵੀ ਕਾਲ ਲਈ ਨਾਮ ਦਾ ਪ੍ਰਕਾਸ਼ ਕਰ ਦਿੰਦਾ ਹੈ।ਐਸਾ ਸੱਚਾ ਸਤਿਗੁਰੂ ਹੀ ਬ੍ਰਹਮ ਗਿਆਨ ਦੀ ਦਾਤ ਦੁਆਰਾ ਜੀਵ ਦੇ ਅਗਿਆਨ ਦਾ ਨਾਸ਼ ਕਰਦਾ ਹੈ।ਪੰਚਮ ਪਾਤਿਸ਼ਾਹ ਦਾ ਫੁਰਮਾਨ ਹੈ:

**- ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ (੨੯੩)**

# ਗੁਰੂ ਦੀ ਲੋੜ

ਜਿਵੇਂ ਕੋਈ ਵੀ ਸੰਸਾਰਿਕ ਕੰਮ ਕਿਸੇ ਤੋਂ ਸਿੱਖੇ ਬਗ਼ੈਰ ਨਹੀਂ ਆਉਂਦਾ, ਉਸੇ ਤਰ੍ਹਾਂ ਪ੍ਰਭੂ ਦੀ ਪ੍ਰਾਪਤੀ ਵੀ ਸੱਚੇ ਗੁਰੂ ਬਿਨਾਂ ਨਹੀਂ ਹੋ ਸਕਦੀ। ਸਤਿਗੁਰਾਂ ਦਾ ਫੁਰਮਾਨ ਹੈ:

- ਕਹੁ ਨਾਨਕ ਪ੍ਰਭਿ ਇਹੈ ਜਨਾਈ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ॥ (੮੬੪)

- ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥
  ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥ (੧੪੦੧)

- ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ॥
  ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ॥ (੬੫੦)

- ਮਾਈ ਗੁਰ ਬਿਨੁ ਗਿਆਨੁ ਨ ਪਾਈਐ॥ ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ॥(੫੩੨)

ਗੁਰੂ ਤੋਂ ਬਿਨਾਂ ਜੀਵ ਦਾ ਭਰਮ ਨਵਿਰਤ ਨਹੀਂ ਹੋ ਸਕਦਾ, ਘਾਲ ਥਾਇ ਨਹੀਂ ਪੈਂਦੀ, ਮਨ ਟਿਕਦਾ ਨਹੀਂ, ਮਨ ਦੀ ਤ੍ਰਿਪਤੀ ਨਹੀਂ ਹੁੰਦੀ ਅਤੇ ਗੁਰੂ ਦੇ ਬਖ਼ਸ਼ੇ ਗਿਆਨ ਬਿਨਾਂ ਮਾਇਕੀ ਪਦਾਰਥ ਰੂਪੀ ਸੱਪ ਦਾ ਡੰਗਿਆ ਮਨੁੱਖ, ਜੀਵਨ ਯਾਤਰਾ ਉਪਰੰਤ ਈਸ਼ਵਰ ਪ੍ਰਾਪਤੀ ਦੇ ਰਸਤੇ ਵਿੱਚ ਹੀ ਰਹਿੰਦਾ ਹੈ ਜੋ ਇਸ ਵਾਸਤੇ ਘਾਟਾ ਹੀ ਘਾਟਾ ਹੈ। ਗੁਰੂ ਫੁਰਮਾਨ ਹੈ:

- ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨ ਪਵਈ ਥਾਇ॥
  ਬਿਨੁ ਗੁਰ ਮਨੂਆ ਅਤਿ ਡੋਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥
  ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥ ਨਾਨਕ ਗੁਰ ਬਿਨੁ ਘਾਟੇ ਘਾਟ॥ (੯੪੨)

- ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
  ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥ (੧੨੪)

- ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
  ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ (੧੨੩੭)

- ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥
  ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥(੪੬੯)

- ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ॥
  ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ॥
  ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ॥ ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ॥ (੯੪੬)

ਵਾਹਿਗੁਰੂ ਦੀ ਪ੍ਰਾਪਤੀ ਲਈ ਪੂਰੇ ਅਤੇ ਸੱਚੇ ਗੁਰੂ ਦਾ ਮੇਲ ਜ਼ਰੂਰੀ ਹੈ।

- ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ (੫੯)

## ਗੁਰੂ ਈਸ਼ਵਰ

ਗੁਰੂ ਪ੍ਰਕਾਸ਼ ਦਾ ਦਾਤਾ ਹੈ ਇਸ ਲਈ ਸਭ ਦਾ ਆਦਿ ਗੁਰੂ ਈਸ਼ਵਰ ਹੈ ਕਿਉਂਕਿ **"ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ"** ਦੇ ਭਾਵ ਅਨੁਸਾਰ ਸਾਰੇ ਬ੍ਰਹਿਮੰਡ ਨੂੰ ਉਸੇ ਤੋਂ ਹੀ ਚਾਨਣ ਮਿਲ ਰਿਹਾ ਹੈ ਅਤੇ ਸਭ ਜੀਵ ਜੰਤੂਆਂ ਅੰਦਰ ਉਸੇ ਦੀ ਹੀ ਜੋਤਿ ਕੰਮ ਕਰ ਰਹੀ ਹੈ:

– ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥ ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥ ਚਾਰਿ ਕੁੰਟ ਦਹ ਦਿਸੇ ਸਮਾਹਿ॥ (੨੯੩)

– ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ (੧੩)

– ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ (੨)

ਉਹ ਪ੍ਰਭੂ ਅੁਦਤੀ ਹੈ ਜੋ ਆਪਣੇ ਆਪ ਤੋਂ ਰੌਸ਼ਨ ਹੈ ਅਤੇ ਸਭ ਥਾਈਂ ਵਿਆਪਕ ਹੈ। ਇਹ ਸਭ ਜਗਤ ਪਸਾਰਾ ਉਸੇ ਤੋਂ ਹੋਇਆ ਹੈ। ਗੁਰਵਾਕ ਹੈ:

– ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
ਅਨਿਕ ਬਿਸਥਾਰ ਏਕ ਤੇ ਭਏ॥ ਏਕੁ ਅਰਾਧਿ ਪਰਾਛਤ ਗਏ॥ (੨੮੯)

ਈਸ਼ਵਰ ਸਰਬ ਥਾਈਂ ਪੂਰਨ, ਸਭ ਦੀ ਪਾਲਣਾ ਅਤੇ ਸੰਘਾਰ ਕਰਨ ਵਾਲਾ ਹੈ। ਸਾਰੇ ਸੁੱਖ ਉਸੇ ਤੋਂ ਹੀ ਪ੍ਰਾਪਤ ਹੁੰਦੇ ਹਨ ਅਤੇ ਉਹ ਸਭ ਦੀ ਆਵਾਜ਼ ਸੁਣਦਾ ਹੈ ਅਤੇ ਦਾਤਾਂ ਦਿੰਦਾ ਹੈ।

– ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥ (੨)

## ਗੁਰੂ ਨਾਨਕ ਦੇਵ ਜੀ

ਸੰਸਾਰ ਵਿੱਚ ਸਮੇਂ ਸਮੇਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਨੇਕਾਂ ਪੈਗੰਬਰ ਆਏ ਜੋ ਇਨਸਾਫ਼ ਦੇ ਫ਼ੈਸਲੇ ਕਰਦੇ ਰਹੇ ਅਤੇ ਧਰਮ ਭਾਵ ਨੂੰ ਪੈਦਾ ਕਰਦੇ ਰਹੇ। ਇਸੇ ਤਰ੍ਹਾਂ ਕਲੂ ਕਾਲ ਦੇ ਸਮੇਂ, ਧਰਾਤਲ ਦਾ ਭਾਰ ਹਰਨ, ਸਰਬ ਪਾਪਾਂ ਦਾ ਨਾਸ਼ ਕਰਨ ਅਤੇ ਜੀਵਾਂ ਦਾ ਕਲਿਆਣ ਕਰਨ ਲਈ ਗੁਰੂ ਨਾਨਕ ਦੇਵ ਜੀ ਇਸ ਸੰਸਾਰ ਤੇ ਆਏ।

– ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥(੧੩੯੫)

ਗੁਰਬਾਣੀ ਤੋਂ ਸਿੱਧ ਹੁੰਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦਾ ਜਸ ਬੇਅੰਤ ਰਿਸ਼ੀਆਂ ਮੁਨੀਆਂ ਅਥਵਾ ਅਵਤਾਰਾਂ ਨੇ ਵੀ ਗਾਇਨ ਕੀਤਾ ਹੈ, ਜਿਵੇਂ:

– ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ॥ ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ॥
ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ॥ ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ॥
ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥
ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ॥ (੧੩੯੦)

ਸਤਿਗੁਰੂ ਨਾਨਕ ਦੇਵ ਜੀ ਆਪ ਪਾਰਬ੍ਰਹਮ ਦਾ ਰੂਪ ਸਨ, ਜਿਵੇਂ ਹੁਕਮ ਹੈ:

– ਪਾਰਬ੍ਰਹਮ ਨਾਨਕ ਗੁਰਦੇਵ॥ ਵਡੈ ਭਾਗਿ ਪਾਈਐ ਹਰਿ ਸੇਵ॥ (੧੩੩੮)

– ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥ (੧੩੮੭)

– ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਵਿੰਦ ਰੂਪ॥ (੧੧੯੨)

ਸੰਸਾਰ ਵਿੱਚ ਅੱਜ ਤੱਕ ਜਿੰਨੇ ਮਹਾਂਪੁਰਖ, ਰਿਸ਼ੀ ਮੁਨੀ, ਅਵਤਾਰ ਆਏ ਸਾਰੇ ਹੀ ਕਿਸੇ ਨਾ ਕਿਸੇ ਤੋਂ ਗਿਆਨ ਪ੍ਰਾਪਤ ਕਰਦੇ ਰਹੇ ਅਤੇ ਉਨ੍ਹਾਂ ਦੇ ਗੁਰੂ ਅੱਗੋਂ ਹੋਰ ਕਿਸੇ ਨੂੰ ਗੁਰੂ ਧਾਰਨ ਕਰਦੇ ਰਹੇ ਪਰ ਗੁਰੂ ਨਾਨਕ ਦੇਵ ਜੀ ਹੀ ਇੱਕ ਐਸੇ ਵਿਅਕਤੀ ਹੋਏ ਜਿੰਨ੍ਹਾਂ ਨੂੰ ਗਿਆਨ ਪ੍ਰਾਪਤੀ ਲਈ ਗੁਰੂ ਧਾਰਨ ਦੀ ਲੋੜ ਨਹੀਂ ਪਈ। ਆਪ ਨੇ ਆਪਣੇ ਗੁਰੂ ਬਾਰੇ ਫੁਰਮਾਇਆ ਹੈ:

– ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (੫੯੯)

ਪ੍ਰਮੇਸ਼ਰ ਲਈ ਆਪ ਦੇ ਅਥਾਹ ਵਿਸ਼ਵਾਸ਼ ਦੀ ਝਲਕ ਇਨ੍ਹਾਂ ਤੁਕਾਂ ਵਿੱਚੋਂ ਪ੍ਰਗਟ ਹੁੰਦੀ ਹੈ:

– ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ (੧੪)

ਆਪਣੇ ਸੱਚੇ ਗੁਰੂ ਨਿਰੰਕਾਰ ਵੱਲੋਂ ਹੀ ਆਪ ਨੂੰ ਨਾਮ ਸ਼ਕਤੀ ਦਾ ਅਥਾਹ ਖਜ਼ਾਨਾ ਪ੍ਰਾਪਤ ਸੀ। ਪੰਚਮ ਪਾਤਿਸ਼ਾਹ ਦਾ ਹੁਕਮ ਹੈ:

– ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ॥
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ॥ (੪੯੬)

– ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥ (੬੧੨)

## ਗੁਰੂ ਪ੍ਰਮੇਸ਼ਰ

ਜਿਸ ਤਰ੍ਹਾਂ ਵਾਹਿਗੁਰੂ ਬੇਅੰਤ ਸ਼ਕਤੀਮਾਨ ਅਤੇ ਅਨੰਤ ਗੁਣਾਂ ਦਾ ਮਾਲਕ ਹੈ, ਉਸਦਾ ਕੋਈ ਅੰਤ ਨਹੀਂ ਪਾ ਸਕਦਾ, ਇਸੇ ਤਰ੍ਹਾਂ ਗੁਰੂ ਵੀ ਸਰਬ ਤਾਕਤਾਂ ਦਾ ਮਾਲਕ ਅਤੇ ਗੁਣਾਂ ਦਾ ਖ਼ਜ਼ਾਨਾ ਆਪ ਪ੍ਰਮੇਸ਼ਰ ਰੂਪ ਹੈ। ਪੰਚਮ ਪਾਤਿਸ਼ਾਹ ਦਾ ਕਥਨ ਹੈ:

– ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ ॥ ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ॥ (੧੨੭੦)

– ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥ (੧੧੪੨)

– ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥ (੮੬੪)

– ਸਤਿਗੁਰ ਜੇਵਡੁ ਅਵਰੁ ਨ ਕੋਇ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥ (੧੨੭੧)

– ਗੁਰ ਕਾ ਸਬਦੁ ਨ ਮੇਟੈ ਕੋਇ॥ ਗੁਰੁ ਨਾਨਕੁ ਨਾਨਕੁ ਹਰਿ ਸੋਇ॥ (੮੬੪)

ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:

– ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ (੪੪੨)

– ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥ ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥(੧੪੦੬)

– ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥(੭੫੯)

ਭਾਈ ਗੁਰਦਾਸ ਜੀ ਦਾ ਕਥਨ ਹੈ:

– ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ॥
ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ॥ (ਵਾਰ ੧, ਪਉੜੀ ੧੭)

– ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਕੀ ਝਾਲਾ॥ (ਵਾਰ ੧, ਪਉੜੀ ੩੧)

– ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰੰਕਾਰਿ ਆਕਾਰੁ ਬਣਾਇਆ॥
ਅਬਿਗਤਿ ਗਤਿ ਆਗਾਧਿ ਬੋਧ ਗੁਰ ਮੂਰਤਿ ਹੁਇ ਅਲਖੁ ਲਖਾਇਆ॥(ਵਾਰ ੧੬, ਪਉੜੀ ੧੮)

ਜਿਵੇਂ ਸਤਿਗੁਰੂ ਸਰਬ ਕਲਾ ਸਮਰੱਥ, ਅੰਤਰਜਾਮੀ, ਸਰਬ ਕਲਾ ਕਾ ਦਾਤਾ ਅਤੇ ਸਮਦ੍ਰਿਸ਼ਟ ਹੈ, ਇਸੇ ਤਰ੍ਹਾਂ ਗੁਰੂ ਵੀ ਉਹੀ ਹੈ ਜਿਸ ਵਿੱਚ ਉਕਤ ਗੁਣ ਮੌਜੂਦ ਹੋਣ। ਸਮੁੱਚੇ ਸੰਸਾਰ ਦਾ ਇਤਿਹਾਸ ਖੋਜਿਆਂ ਪਤਾ ਚਲਦਾ ਹੈ ਕਿ ਐਸੇ ਵਿਅਕਤੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਦਸ ਸਰੂਪ ਹੀ ਹੋਏ ਹਨ ਜਿਨ੍ਹਾਂ ਦਾ ਪ੍ਰਤੱਖ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ, ਜੋ ਧੁਰ ਕੀ ਬਾਣੀ ਹੋਣ ਕਰਕੇ ਪ੍ਰਮੇਸ਼ਰ ਰੂਪ ਹੈ। ਗੁਰਵਾਕ ਹੈ:

– ਕੀਤਾ ਪਸਾਉ ਏਕੋ ਕਵਾਉ॥ (੩)

## ਸ਼ਬਦ ਗੁਰੂ

ਸ਼ਬਦ ਗੁਰੂ ਤੇ ਇਤਰਾਜ ਕਰਨ ਵਾਲਿਆਂ ਦਾ ਖ਼ਿਆਲ ਹੈ ਕਿ ਸ਼ਬਦ ਆਪ ਨਹੀਂ ਬੋਲ ਸਕਦਾ, ਇਸ ਲਈ ਗੁਰੂ ਨਹੀਂ ਹੋ ਸਕਦਾ। ਉਨ੍ਹਾਂ ਦੀ ਦਲੀਲ ਦਾ ਉੱਤਰ ਇਹ ਹੈ ਕਿ ਬੋਲਦਾ ਤਾਂ ਸ਼ਬਦ ਹੀ ਹੈ, ਦੇਹ ਤਾਂ ਬੋਲ ਹੀ ਨਹੀਂ ਸਕਦੀ। ਆਦਿ ਜੁਗਾਦਿ ਤੋਂ ਅੱਜ ਤੱਕ ਜਿਸ ਨੇ ਵੀ ਗੁਰੂ ਧਾਰਨ ਕੀਤਾ ਹੈ, ਉਸਨੇ ਉਸਦੇ ਸ਼ਬਦ (ਉਪਦੇਸ਼) ਨੂੰ ਹੀ ਗੁਰੂ ਮੰਨਿਆ ਹੈ ਦੇਹ ਨੂੰ ਨਹੀਂ। ਦੇਹ ਤਾਂ ਪੰਜਾਂ ਤੱਤਾਂ ਦਾ ਬਣਿਆ ਇੱਕ ਪੁਤਲਾ ਹੈ ਜੋ ਨਾਸਵੰਤ ਹੈ। ਗੁਰੂ ਨਾਨਕ ਦੇਵ ਜੀ ਦੀ ਆਤਮਾ ਗੁਰੂ ਸੀ ਦੇਹ ਨਹੀਂ, ਦੇਹ ਤਾਂ ਇਸ ਲਈ ਪੂਜੀ ਸਤਿਕਾਰੀ ਜਾਂਦੀ ਸੀ ਕਿ ਉਸ ਵਿੱਚ ਗੁਰੂ ਜੋਤਿ ਦਾ ਵਾਸਾ ਸੀ। ਜੇ ਉਹ ਜੋਤਿ ਪੰਜਾਂ ਤੱਤਾਂ ਦੇ ਬਣੇ ਸਰੀਰ ਵਿਚ ਵਸ ਸਕਦੀ ਹੈ ਤਾਂ ਰੱਬੀ ਉਪਦੇਸ਼ (ਬਾਣੀ) ਵਿੱਚ ਕਿਸ ਤਰ੍ਹਾਂ ਨਹੀਂ ਵਸ ਸਕਦੀ। ਸਿੱਖ ਸ਼ਬਦ ਦੇ ਉਪਾਸ਼ਕ ਹਨ। ਬੀੜ ਦਾ ਸਤਿਕਾਰ ਤਾਂ ਇਸ ਲਈ ਹੈ ਕਿ ਉਸ ਵਿੱਚ ਸੰਪੂਰਨ ਬਾਣੀ (ਸ਼ਬਦ) ਸੁਸ਼ੋਭਿਤ ਹੈ। ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਗੁਰੂ ਬਾਰੇ ਪ੍ਰਸ਼ਨ ਕੀਤਾ ਸੀ:

– ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥ (੯੪੨)

ਤਾਂ ਸਤਿਗੁਰਾਂ ਨੇ ਉਸ ਦਾ ਉੱਤਰ ਇੰਜ ਦਿੱਤਾ ਸੀ:

– ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (੯੪੩)

ਇਸ ਹੁਕਮ ਅਨੁਸਾਰ ਇਹ ਸਿੱਧ ਹੁੰਦਾ ਹੈ ਕਿ ਸ਼ਬਦ ਨਿਰੰਕਾਰ ਰੂਪ ਹੈ ਅਤੇ ਨਿਰੰਕਾਰ ਸ਼ਬਦ ਰੂਪ। ਸ਼ਬਦ ਦਾ ਸਤਿਕਾਰ ਗੁਰੂ ਸਾਹਿਬ ਉਨ੍ਹਾਂ ਹੀ ਕਰਦੇ ਸਨ ਜਿੰਨ੍ਹਾਂ ਵਾਹਿਗੁਰੂ ਦਾ। ਇਹੀ ਵਜ੍ਹਾ ਸੀ ਕਿ ਜਦ ਆਪ ਕੋਈ ਸ਼ਬਦ ਉਚਾਰਨ ਲਗਦੇ ਤਾਂ ਕਹਿੰਦੇ ‘‘ਮਰਦਾਨਿਆ! ਬਾਣੀ ਆਈ ਹੈ’’ ਅਤੇ ਆਪ ਸਾਵਧਾਨ ਹੋ ਕੇ ਬਾਣੀ ਉਚਾਰਨੀ ਸ਼ੁਰੂ ਕਰ ਦਿੰਦੇ ਅਤੇ ਸ਼ਬਦ ਪੂਰਾ ਹੋਣ ਤੇ ਸਤਿਕਾਰ ਵਿੱਚ ਝੁਕ ਜਾਂਦੇ ਸਨ।

ਸਾਰੇ ਜਗਤ ਵਿੱਚ ਇੱਕ ਵੀ ਮਿਸਾਲ ਇਹੋ ਜਿਹੀ ਨਹੀਂ ਮਿਲਦੀ ਕਿ ਕਿਸੇ ਨੇ ਆਪਣੀ ਉਚਾਰੀ ਬਾਣੀ (ਕਵਿਤਾ) ਦਾ ਇਸ ਤਰ੍ਹਾਂ ਸਤਿਕਾਰ ਕੀਤਾ ਹੋਵੇ। ਪਰ ਬਾਣੀ ਕੇਵਲ ਕਵਿਤਾ ਨਹੀਂ ਸੀ, ਕਵਿਤਾ ਦੇ ਲਫ਼ਜ਼ ਕਈ ਵਾਰ ਭੰਨੇ ਤੋੜੇ ਅਤੇ ਫਿਰ ਬਣਾਏ ਜਾਂਦੇ ਹਨ। ਪਰ ਬਾਣੀ ਰੱਬੀ ਰੂਪ ਪਵਿੱਤਰ ਆਤਮਾ ਵਾਲੇ ਹਿਰਦੇ ਵਿੱਚੋਂ ਸੁੱਤੇ ਹੀ ਉਚਾਰਣ ਹੋਇਆ ਰੱਬੀ ਗਿਆਨ ਸੀ, ਜਿਸ ਨੂੰ ਰਾਗ ਅਤੇ ਕਵਿਤਾ ਦਾ ਰੂਪ ਦਿੱਤਾ ਗਿਆ। ਇਸਦੇ ਰੱਬੀ ਕਲਾਮ ਹੋਣ ਬਾਰੇ ਗੁਰੂ ਨਾਨਕ ਦੇਵ ਜੀ ਨੇ ਇੰਜ ਫੁਰਮਾਇਆ ਹੈ:

**– ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥** (੭੨੨)

**– ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥** (੭੬੩)

**– ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ॥**
**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥** (੧੦੨੮)

ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:

**– ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥** (੩੦੮)

**– ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥** (੬੨੮)

ਜੋ ਸਿੱਧ ਹੁੰਦਾ ਹੈ ਕਿ ਗੁਰਬਾਣੀ ਰੱਬੀ ਗਿਆਨ ਹੈ ਜੋ ਕਿਸੇ ਪਵਿੱਤ੍ਰ ਹਿਰਦੇ ਵਿੱਚੋਂ ਉਸ ਸਮੇਂ ਪ੍ਰਗਟ ਹੋਇਆ ਜਦੋਂ ਉਹ ਹਿਰਦਾ ਵਾਹਿਗੁਰੂ ਦੀ ਜੋਤਿ ਵਿੱਚ ਅਭੇਦ ਸੀ। ਭਗਤਾਂ ਦੀ ਵੀ ਉਸੇ ਬਾਣੀ ਨੂੰ ਗੁਰੂ ਸਾਹਿਬ ਨੇ ਗੁਰਬਾਣੀ ਦਾ ਦਰਜਾ ਦਿੱਤਾ ਹੈ ਜੋ ਇਸੇ ਅਵਸਥਾ ਵਿੱਚ ਉਚਾਰੀ ਗਈ ਅਤੇ ਗੁਰਬਾਣੀ ਦੇ ਅਨੁਕੂਲ ਸੀ। ਇਸ ਬਾਣੀ ਦਾ ਸੰਗ੍ਰਹਿ ਕਰਕੇ ਗੁਰੂ ਸਾਹਿਬ ਨੇ ਹੁਕਮ ਕੀਤਾ:

**– ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ॥** (੭੦)

ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ:

**– ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥** (੬੩੫)

**– ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥** (੧੩੦੯)

ਗੁਰੂ ਰਾਮਦਾਸ ਜੀ ਸ਼ਬਦ ਨੂੰ ਹੀ ਜੀਵਾਂ ਦਾ ਤਾਰਨਹਾਰ ਮਲਾਹ ਦੱਸਦੇ ਹਨ:

**– ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ॥**
**ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ॥** (੭੯੯)

ਇਹ ਇੱਕ ਮੰਨੀ ਪ੍ਰਮੰਨੀ ਗੱਲ ਹੈ ਕਿ ਜੈਸਾ ਬਚਨ (ਸ਼ਬਦ) ਕਿਸੇ ਨੂੰ ਕਹੋ, ਵੈਸਾ ਹੀ ਉਸ ਤੇ ਅਸਰ ਹੁੰਦਾ ਹੈ। ਮਿੱਠਾ ਬੋਲੋ ਤਾਂ ਸਰੋਤੇ ਦਾ ਹਿਰਦਾ ਖਿੜਦਾ ਹੈ। ਫਿਕਾ ਬੋਲੋ ਤਾਂ ਉਹ ਕ੍ਰੋਧ ਵਿੱਚ ਆ ਜਾਂਦਾ ਹੈ। ਵਿਚਾਰ ਸਹਿਤ ਉਸਨੂੰ ਬੁਰਾਈ ਤੋਂ ਰੋਕੋ ਤਾਂ ਉਸਨੂੰ ਬੁਰੇ ਕਰਮਾਂ ਤੋਂ ਨਫ਼ਰਤ ਸ਼ੁਰੂ ਹੋ ਜਾਂਦੀ ਹੈ ਅਤੇ ਜਿਸ ਸ਼ਬਦ ਨੂੰ ਸਰੋਤਾ ਗੁਰੂ ਦਾ ਵਾਕ ਜਾਂ ਗੁਰੂ ਦਾ ਰੂਪ ਹੀ ਮੰਨਦਾ ਹੋਵੇ ਤਾਂ ਉਹ ਸ਼ਬਦ ਇੱਕ ਕਰਾਮਾਤ ਦਾ ਕੰਮ ਕਰਦਾ ਹੈ। ਸੋ ਸ਼ਬਦ ਦੀ ਸ਼ਕਤੀ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਜੋ ਸਜਣ ਇਹ ਸ਼ੰਕਾ ਕਰਦੇ ਹਨ ਕਿ ਸ਼ਬਦ ਆਪਣੇ ਆਪ ਜੀਵ ਦੀ ਅਵਸਥਾ ਨੂੰ ਕਿਵੇਂ ਬਦਲ ਸਕਦਾ ਹੈ, ਉਨ੍ਹਾਂ ਨੂੰ ਗੁਰੂ ਅਮਰਦਾਸ ਜੀ ਸਮਝਾਉਂਦੇ ਹਨ:

**– ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥**
**ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥** (੨੭)

ਉਕਤ ਵਾਕ ਇੱਕ ਅਟੱਲ ਸਚਾਈ ਹੈ, ਇਸਦੀ ਅਮਲੀ ਤੌਰ 'ਤੇ ਕਮਾਈ ਕੀਤੇ ਬਿਨਾਂ ਸ਼ਬਦ ਗੁਰੂ ਤੇ ਕਿੰਤੂ ਕਰਨਾ ਯੋਗ ਨਹੀਂ। ਇਸਦੀ ਕਮਾਈ ਲਈ ਹੁਕਮ ਹੈ:

**– ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥ (੪੩੨)**

ਭਾਈ ਗੁਰਦਾਸ ਜੀ ਦਾ ਕਥਨ ਹੈ:

**– ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ॥ (ਵਾਰ ੭, ਪਉੜੀ ੨੦)**

**– ਗੁਰਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ॥ (ਵਾਰ ੨੪, ਪਉੜੀ ੨੫)**

**– ਜੈਸੇ ਫਲ ਸੈ ਬਿਰਖ ਬਿਰਖੁ ਸੈ ਹੋਤ ਫਲ ਅਦਿਭੁਤਿ ਗਤਿ ਕਛੁ ਕਹਨੁ ਨ ਆਵੈ ਜੀ॥**
**ਜੈਸੇ ਬਾਸੁ ਬਾਵਨ ਮੈ ਬਾਵਨ ਹੈ ਬਾਸੁ ਬਿਖੈ ਬਿਸਮ ਚਰਿਤ੍ਰ ਕੋਊ ਮਰਮੁ ਨ ਪਾਵੈ ਜੀ॥**
**ਕਾਸਟਿ ਮੈ ਅਗਨਿ ਅਗਨਿ ਮੈ ਕਾਸਟਿ ਹੈ ਅਤਿ ਅਸਚਰਜ ਹੈ ਕਉਤਕ ਕਹਾਵੈ ਜੀ॥**
**ਸਤਿਗੁਰ ਮੈ ਸਬਦੁ ਸਬਦ ਮੈ ਸਤਿਗੁਰ ਹੈ ਨਿਰਗੁਨ ਗਿਆਨ ਧਿਆਨ ਸਮਝਾਵੈ ਜੀ॥**

**(ਭਾ: ਗੁਰਦਾਸ ਕਬਿਤ ੫੩੪)**

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਜੀਵਨ ਜੁਗਤੀਆਂ, ਰੱਬੀ ਆਤਮਾਵਾਂ ਦੇ ਤਜ਼ਰਬੇ ਅਤੇ ਬ੍ਰਹਮ ਗਿਆਨ ਨਾਲ ਭਰਿਆ ਪਿਆ ਹੈ, ਇਤਨੀ ਉੱਚੀ ਵਿੱਦਿਆ ਦੀ ਕਿਸੇ ਮਨੁੱਖ (ਦੇਹਧਾਰੀ) ਤੋਂ ਆਸ ਰੱਖਣੀ, ਮੱਸਿਆ ਦੀ ਰਾਤ ਨੂੰ ਚੰਦਰਮਾਂ ਵੇਖਣ ਦੇ ਬਰਾਬਰ ਹੈ।

ਜੋ ਲੋਕ ਸਰਬ ਪ੍ਰਕਾਰ ਦੇ ਵਿਕਾਰਾਂ ਦੇ ਹੁੰਦਿਆਂ ਹੋਇਆਂ ਵੀ ਗੁਰੂ ਕਹਾਉਣ ਜਾਂ ਕਿਸੇ ਨੂੰ ਗੁਰੂ ਕਹਿਣ ਦਾ ਹੌਸਲਾ ਕਰਦੇ ਹਨ, ਉਹ ਮਨਮਤੀਏ ਹਨ ਅਤੇ ਗੁਰੂ ਸਾਹਿਬ ਦੇ ਇਸ ਵਾਕ:

**– ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ॥ (੫੦੯)**

ਦੇ ਭਾਵ ਅਨੁਸਾਰ ਪਤਾ ਨਹੀਂ, ਉਨ੍ਹਾਂ ਦੀ ਕੀ ਗਤੀ ਹੋਵੇਗੀ।

## ਗੁਰੂ ਸਭ ਤੋਂ ਵੱਡਾ

ਸਭ ਤੋਂ ਵੱਡਾ ਉਹ ਹੈ ਜੋ ਆਤਮਾ ਕਰਕੇ ਉੱਚਾ ਹੋਵੇ, ਜਿਸ ਨੂੰ ਬ੍ਰਹਮ ਦਾ ਪੂਰਨ ਗਿਆਨ ਹੋਵੇ ਅਤੇ ਜੋ ਹਰ ਤਰ੍ਹਾਂ ਦੀ ਸਮਰੱਥਾ ਵਾਲਾ ਹੋਵੇ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

**– ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥**
**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ (੭੫੦)**

ਐਸੇ ਪੂਰਨ, ਸਮਰੱਥ, ਨਿਰਮਲ ਸੱਚੇ ਸਤਿਗੁਰੂ ਦੇ ਦਰਸ਼ਨ ਭਾਗਾਂ ਨਾਲ ਹੁੰਦੇ ਹਨ। ਪੰਚਮ ਗੁਰਾਂ ਦਾ ਫੁਰਮਾਨ ਹੈ:

**– ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥**
**ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥(੫੨)**

ਅਜਿਹਾ ਪੂਰਾ ਸਤਿਗੁਰੂ ਜਿਸ ਦੇ ਸਿਰ ਤੇ ਹੱਥ ਰੱਖੇ ਆਪਣੀ ਸ਼ਕਤੀ ਦੁਆਰਾ ਉਸਨੂੰ ਪੂਰਨ ਪੁਰਖ ਬਣਾ ਦਿੰਦਾ ਹੈ:

– ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ॥
ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ॥ (੩੦੯)

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

– ਸਤਿਗੁਰੁ ਵਡਾ ਆਖੀਐ ਵਡੇ ਕੀ ਵਡੀ ਵਡਿਆਈ॥ (ਵਾਰ ੨੬, ਪਉੜੀ ੫)

– ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਠਾਟੁ ਬਣਾਇਆ॥
ਪੂਰੇ ਪੂਰਾ ਤੋਲੁ ਹੈ ਘਟੈ ਨ ਵਧੈ ਘਟਾਇ ਵਧਾਇਆ॥ (ਵਾਰ ੨੬, ਪਉੜੀ ੧੬)

ਉਕਤ ਗੁਣਾਂ ਦਾ ਮਾਲਕ ਸਤਿਗੁਰੂ ਹੀ ਸੱਚਾ ਪਾਤਸ਼ਾਹ ਅਤੇ ਨਾਥਾਂ ਦਾ ਨਾਥ ਹੈ, ਹੋਰ ਦੁਨਿਆਵੀ ਬਾਦਸ਼ਾਹ ਸਭ ਕੂੜੇ ਹਨ:

– ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ॥
ਸਤਿਗੁਰੁ ਨਾਥਾ ਨਾਥੁ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ॥ (ਵਾਰ ੧੫, ਪਉੜੀ ੧)

ਈਸ਼ਵਰ ਦੀ ਨਾਰਾਜ਼ਗੀ ਨੂੰ ਗੁਰੂ ਬਖਸ਼ਾ ਸਕਦਾ ਹੈ ਪਰ ਗੁਰੂ ਦੀ ਨਾਰਾਜ਼ਗੀ ਤੋਂ ਕੋਈ ਨਹੀਂ ਬਚਾਅ ਸਕਦਾ:

– ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ॥ ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ॥ (੪੯)

ਗੁਰੂ ਦੀ ਇੱਕ ਸਿਫ਼ਤ ਇਹ ਹੈ ਕਿ ਉਹ ਸਰਬ ਗੁਣਾਂ ਤੇ ਸ਼ਕਤੀਆਂ ਕਰਕੇ ਸਭ ਤੋਂ ਵੱਡਾ ਹੈ ਅਤੇ ਉਸ ਵਿੱਚ ਔਗੁਣ ਵੀ ਕੋਈ ਨਹੀਂ। ਇਹ ਵਡਿਆਈ ਕਿਸੇ ਵੀ ਦੇਹਧਾਰੀ ਮਨੁੱਖ ਵਿੱਚ ਨਹੀਂ ਪਾਈ ਜਾਂਦੀ। ਕਿਸੇ ਵਿੱਚ ਕ੍ਰੋਧ ਨਹੀਂ ਤਾਂ ਮੋਹ ਜ਼ਰੂਰ ਹੈ। ਜੇ ਮੋਹ ਨਹੀਂ ਤਾਂ ਹੰਕਾਰ ਹੈ, ਜੇ ਹੰਕਾਰ ਨਹੀਂ ਤਾਂ ਲੋਭ ਹੈ। ਗੁਰਵਾਕ ਹੈ:

– ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੇ ਕਉ ਖਾਇ॥ (੧੩੭੨)

ਪਰ ਗੁਰੂ ਦਾ ਸ਼ਬਦ ਨਿਰੋਲ ਗੁਣਾਂ ਅਤੇ ਵਡਿਆਈਆਂ ਦੀ ਖਾਣ ਹੈ ਅਤੇ **"ਗਾਵਤ ਸੁਣਤ ਕਮਾਵਤ ਨਿਹਾਲ"** ਦੇ ਮਹਾਂਵਾਕ ਅਨੁਸਾਰ ਜਿਸ ਨੇ ਉਪਦੇਸ਼ ਦੀ ਕਮਾਈ ਕੀਤੀ ਉਹੀ ਸਰਬ ਗੁਣਾਂ ਅਤੇ ਵਡਿਆਈਆਂ ਦਾ ਮਾਲਕ ਬਣਿਆ ਹੈ।

## ਗੁਰੂ ਨਾਮ ਦਾ ਦਾਤਾ

ਕੇਵਲ ਸੱਚਾ ਗੁਰੂ ਹੀ ਨਾਮ ਦਾ ਦਾਤਾ ਹੈ ਅਤੇ ਗੁਰੂ ਦੇ ਬਖਸ਼ੇ ਨਾਮ ਦੁਆਰਾ ਹੀ ਜੀਵਾਂ ਦੀ ਅਵਸਥਾ ਬਦਲਦੀ ਹੈ। ਗੁਰਬਾਣੀ ਦਾ ਫੁਰਮਾਨ ਹੈ:

– ਸਤਿਗੁਰਿ ਮੋ ਕਉ ਕੀਨੋ ਦਾਨੁ॥ ਅਮੋਲ ਰਤਨੁ ਹਰਿ ਦੀਨੋ ਨਾਮੁ॥ (੧੧੫੭)

– ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥ (੫੯੨)

– ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ॥
ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ ਜਪਾਇਆ॥ (੫੯੬)

– ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ॥ ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥(੫੨)

ਕਿਸੇ ਪਦਾਰਥ ਦਾ ਦਾਤਾ ਕੋਈ ਤਦੇ ਹੀ ਹੋ ਸਕਦਾ ਹੈ ਜੇ ਉਹ ਪਦਾਰਥ ਉਸਦੇ ਪਾਸ ਅਮੁੱਕ ਹੋਵੇ। ਜੋ ਆਪ ਖਾਲੀ ਹੈ ਉਹ ਕਿਸੇ ਨੂੰ ਕੀ ਦੇ ਸਕਦਾ ਹੈ? ਸੋ ਗੁਰੂ ਉਹੀ ਹੈ ਜਿਸ ਨੇ ਹਿਰਦੇ ਵਿੱਚ ਨਾਮ ਦਾ ਅਖੁੱਟ ਖ਼ਜ਼ਾਨਾ ਹੋਵੇ:

**- ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥ ਅਨਿਕ ਬਾਰ ਗੁਰ ਕਉ ਬਲਿ ਜਾਉ॥ (੨੮੭)**

**- ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥**
**ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ॥ (੫੮੮)**

**- ਗੁਰ ਬਿਨੁ ਦੂਜਾ ਨਾਹੀ ਥਾਉ॥ ਗੁਰੁ ਦਾਤਾ ਗੁਰੁ ਦੇਵੈ ਨਾਉ॥ (੩੮੭)**

ਉਪਰਲੇ ਪ੍ਰਮਾਣਾਂ ਤੋਂ ਸਿੱਧ ਹੈ ਕਿ ਸੱਚਾ ਗੁਰੂ ਹੀ ਨਾਮ ਦਾ ਦਾਤਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸੱਚੇ ਗੁਰੂ ਅਤੇ ਫ਼ਰਜ਼ੀ ਗੁਰੁ ਦੇ ਨਾਮ ਦੇਣ ਜਾਂ ਨਾਮ ਤੋਂ ਪੈਦਾ ਹੋਈ ਅਵਸਥਾ ਵਿੱਚ ਕੀ ਫ਼ਰਕ ਹੈ? ਰਸਮੀ ਤੌਰ 'ਤੇ ਕਿਸੇ ਨੂੰ ਅੱਖਰੀ ਮੰਤ੍ਰ (ਨਾਮ) ਦੇਣਾ ਹੋਰ ਗੱਲ ਹੈ ਅਤੇ ਨਾਮ ਦੁਆਰਾ ਸਿੱਖ ਦੀ ਅਵਸਥਾ ਨੂੰ ਬਦਲ ਕੇ ਉਸਨੂੰ ਸਵਾਸ ਸਵਾਸ ਪ੍ਰਭੂ ਦੀ ਯਾਦ ਦ੍ਰਿੜ੍ਹ ਕਰਵਾ ਦੇਣੀ ਹੋਰ ਗੱਲ ਹੈ। ਇਹ ਸੱਚੇ ਗੁਰੂ ਵਿੱਚ ਹੀ ਸ਼ਕਤੀ ਹੈ ਕਿ ਨਾਮ ਰਸ ਦ੍ਰਿੜ੍ਹ ਕਰਵਾ ਕੇ ਜੀਵ ਦੀ ਕਾਇਆ ਨੂੰ ਪਲਟ ਦੇਵੇ। ਗੁਰਬਾਣੀ ਵਿੱਚ ਇਸ ਬਾਰੇ ਮਿਲਦੇ ਕੁਝ ਪ੍ਰਮਾਣ ਇੰਜ ਹਨ:

**- ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ॥**
**ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥ (੬੭੧)**

**- ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ॥**
**ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ॥ (੬੨੨)**

**- ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥ (੧੧੩੬)**

**- ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ॥**
**ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ॥ (੮੬)**

**- ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ॥**
**ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ॥ (੬੧੫)**

**- ਹੁਕਮੁ ਬੂਝੈ ਸੋਈ ਪਰਵਾਨੁ॥ ਸਾਚੁ ਸਬਦੁ ਜਾ ਕਾ ਨੀਸਾਨੁ॥**
**ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ॥ (੩੮੬)**

ਇਨ੍ਹਾਂ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਗੁਰਮਤਿ ਵਿੱਚ ਕਿਸੇ ਮੰਤ੍ਰ ਦੇ ਦੱਸਣ ਨੂੰ ਹੀ ਨਾਮ ਦੇਣਾ ਨਹੀਂ ਮੰਨਿਆ ਗਿਆ ਸਗੋਂ ਸਿੱਖ ਦੇ ਹਿਰਦੇ ਅਤੇ ਰੋਮ ਰੋਮ ਵਿੱਚ ਵਾਹਿਗੁਰੂ ਦੀ ਅਤੁੱਟ ਯਾਦ ਦੇ ਵਸ ਜਾਣ ਨੂੰ ਨਾਮ ਦੀ ਅਵਸਥਾ ਮੰਨਿਆ ਹੈ।

ਪਰ ਅੱਜ ਕੱਲ੍ਹ ਲੋਕਾਂ ਨੇ ਨਾਮ ਦੇਣ ਜਾਂ ਲੈਣ ਨੂੰ ਇੱਕ ਮਾਮੂਲੀ ਖੇਡ ਸਮਝ ਲਿਆ ਹੋਇਆ ਹੈ। ਜਦ ਕੋਈ ਸੱਜਣ ਇਹ ਕਹਿੰਦਾ ਹੈ ਕਿ ਮੈਂ ਫਲਾਣੇ ਸੰਤ ਜਾਂ ਗੁਰੂ ਪਾਸੋਂ ਨਾਮ ਲਿਆ ਹੋਇਆ ਹੈ ਤਾਂ ਉਸਦੀ ਅਵਸਥਾ ਵੱਲ ਵੇਖ ਕੇ ਭਾਰੀ ਅਸਚਰਜਤਾ ਹੁੰਦੀ ਹੈ ਕਿ ਉਹ ਕਿਹੋ ਜਿਹਾ ਨਾਮ ਹੈ ਜਿਸ ਨਾਮ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਤ੍ਰਿਸ਼ਨਾ, ਦਵੈਸ਼ ਆਦਿ ਰੋਗ ਅੱਗੇ ਨਾਲੋਂ ਵੀ ਵਧ ਗਏ ਹਨ। ਨਾਮ ਤੋਂ ਤਾਂ ਉਹ ਅਗੰਮੀ ਅਵਸਥਾ ਪੈਦਾ ਹੁੰਦੀ ਹੈ ਜਿਸ ਤੋਂ "ਜਦ ਚਿੰਤ ਸਰਬ ਗਤੰ" ਦੇ ਭਾਵ ਅਨੁਸਾਰ ਜੀਵ "ਬ੍ਰਹਮ ਗਿਆਨੀ ਆਪ ਪ੍ਰਮੇਸਰ" ਵਾਲੀ ਪਦਵੀ ਪਾ

ਲੈਂਦਾ ਹੈ ਅਤੇ ਉਸ ਨੂੰ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ, ਅਰਥਾਤ ਉਹ ਨਾਮ ਦੀ ਦਾਤ ਪ੍ਰਾਪਤ ਕਰਕੇ ਮਨੂਰ ਤੋਂ ਕੰਚਨ ਹੋ ਜਾਂਦਾ ਹੈ। ਗੁਰਵਾਕ ਹੈ:

**– ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥**
**ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥** (੯੯੦)

## ਗੁਰੂ ਨਾਮ ਵਿੱਚ ਲੀਨ

ਗੁਰਬਾਣੀ ਦਾ ਉਪਦੇਸ਼ ਹੈ ਕਿ ਜੀਵ ਅੱਠੇ ਪਹਿਰ ਸਵਾਸ ਸਵਾਸ ਵਾਹਿਗੁਰੂ ਦੇ ਨਾਮ ਦਾ ਜਾਪ ਕਰੇ। ਵਿਰਲੇ ਗੁਰਮੁਖ ਕੁਝ ਸਮਾਂ ਨਾਮ ਅਭਿਆਸ ਕਰਦੇ ਹਨ ਪਰ ਸਵਾਸ ਸਵਾਸ ਨਾਮ ਜਪਣ ਦੀ ਭਾਰੀ ਮੁਸ਼ੱਕਤ ਗੁਰੂ ਸਾਹਿਬਾਨ ਦੇ ਜੀਵਨ ਵਿੱਚੋਂ ਹੀ ਮਿਲਦੀ ਹੈ। ਸੋ ਗੁਰੂ ਦੀ ਇੱਕ ਨਿਸ਼ਾਨੀ ਇਹ ਵੀ ਹੈ ਕਿ ਉਹ ਸਦਾ ਨਾਮ ਵਿੱਚ ਲੀਨ ਰਹਿੰਦਾ ਹੈ। ਗੁਰਬਾਣੀ ਵਿੱਚ ਹੁਕਮ ਹੈ:

**– ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ॥ ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ॥**
**ਨਾਮੁ ਸਮ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ॥** (੫੫੨)

**– ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥** (੩੧੯)

**– ਆਖਾ ਜੀਵਾ ਵਿਸਰੈ ਮਰਿ ਜਾਉ॥ ਆਖਣਿ ਅਉਖਾ ਸਾਚਾ ਨਾਉ॥**
**ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥**
**ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥** (੯)

## ਗੁਰੂ ਮਨ ਇਕਾਗਰ ਕਰਨ ਵਾਲਾ

ਪ੍ਰਮਾਰਥ ਦੇ ਰਸਤੇ ਤੇ ਚਲਣ ਲਈ ਜੀਵ ਵਾਸਤੇ ਸਭ ਤੋਂ ਮੁਸ਼ਕਲ ਕੰਮ ਮਨ ਦਾ ਇਕਾਗਰ ਕਰਨਾ ਹੈ। ਗੁਰੂ ਫੁਰਮਾਨ ਹੈ:

**– ਸਾਧੋ ਇਹੁ ਮਨੁ ਗਹਿਓ ਨ ਜਾਈ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥** (੨੧੯)

**– ਇਹੁ ਮਨੁ ਚੰਚਲੁ ਵਸਿ ਨ ਆਵੈ॥ ਦੁਬਿਧਾ ਲਾਗੈ ਦਹ ਦਿਸਿ ਧਾਵੈ॥** (੧੨੭)

ਮਨ ਦੀ ਚੰਚਲਤਾ ਨੂੰ ਸਭ ਨੇ ਮੰਨਿਆ ਹੈ। ਕੇਵਲ ਪੂਰੇ ਗੁਰੂ ਸਤਿਗੁਰੂ ਵਿੱਚ ਹੀ ਇਹ ਸ਼ਕਤੀ ਹੈ ਕਿ ਕਲਜੁਗੀ ਜੀਵਾਂ ਦੇ ਮਨਾਂ ਨੂੰ ਇਕਾਗਰਤਾ ਬਖਸ਼ ਸਕੇ।

**– ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥**
**ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ॥** (੨੫੮)

**– ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ॥**
**ਆਇ ਨ ਜਾਵੈ ਨ ਕਤ ਹੀ ਡੋਲੈ ਥਿਰੁ ਨਾਨਕ ਰਾਜਇਆ॥** (੧੨੧੩)

**– ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ॥ ਕਾਮਿ ਕਰੋਧਿ ਜਲੈ ਸਭੁ ਕੋਈ॥**

ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ॥ (੧੦੬੨)

– ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ॥ ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ॥(੩੦੦)

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਮਨ ਕੇਵਲ ਸ਼ਬਦ ਦੇ ਸਹਾਰੇ ਹੀ ਟਿਕ ਸਕਦਾ ਹੈ:

– ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥ (੨੮੨)

ਸਾਫ਼ ਜਾਹਿਰ ਹੈ ਕਿ ਗੁਰ ਸ਼ਬਦ ਵਿੱਚ ਹੀ ਮਨ ਦੇ ਇਕਾਗਰ ਕਰਨ ਦੀ ਸਮਰੱਥਾ ਹੈ। ਜਿਨ੍ਹਾਂ ਦਾ ਸੁਰਤ ਕਰਕੇ ਸ਼ਬਦ ਨਾਲ ਮੇਲ ਹੁੰਦਾ ਹੈ, ਉਨ੍ਹਾਂ ਦਾ ਮਨ ਟਿਕ ਜਾਂਦਾ ਹੈ। ਤ੍ਰਿਸ਼ਨਾ ਮਿਟ ਜਾਂਦੀ ਹੈ ਅਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਅਮਰਦਾਸ ਜੀ ਦਾ ਵਾਕ ਹੈ:

– ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ॥ (੪੯੨)

## ਗੁਰੂ ਮੇਲਣਹਾਰ

ਸਤਿਗੁਰੂ ਹੀ ਸਿੱਖ ਦਾ ਲੋਕ ਪ੍ਰਲੋਕ ਵਿੱਚ ਸਹਾਇਕ, ਦੁੱਖ ਸੁੱਖ ਵਿੱਚ ਰਾਖਾ, ‘‘ਔਗੁਣ ਕਟੇ ਕਰੇ ਸੁਧ ਦੇਹਾ’’ ਦੇ ਭਾਵ ਅਨੁਸਾਰ ਜੀਵ ਨੂੰ ਸਰਬ ਵਿਕਾਰਾਂ ਤੋਂ ਰਹਿਤ ਕਰਕੇ ਪ੍ਰਭੂ ਪ੍ਰਾਪਤੀ ਵਿੱਚ ਸਹਾਇਕ ਹੁੰਦਾ ਹੈ।

– ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥(੫੨੨)

ਪਰਮ ਪਦ ਦੀ ਪ੍ਰਾਪਤੀ ਅਤੇ ਈਸ਼ਵਰ ਦਾ ਪੂਰਨ ਗਿਆਨ ਵੀ ਪੂਰੇ ਗੁਰੂ ਦੁਆਰਾ ਹੀ ਹੁੰਦਾ ਹੈ।

– ਸਤਿਗੁਰ ਕਉ ਬਲਿ ਜਾਈਐ॥ ਜਿਤੁ ਮਿਲਿਐ ਪਰਮ ਗਤਿ ਪਾਈਐ॥
ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ॥ (੭੧)

## ਗੁਰੂ ਤਾਰਨਹਾਰ

ਸੰਸਾਰ ਇੱਕ ਅਥਾਹ ਸਮੁੰਦਰ ਵਾਂਗ ਹੈ। ਇਸ ਦੀਆਂ ਬਿਖਮ ਲਹਿਰਾਂ ਤੋਂ ਬਚਣ ਲਈ ਸਿੱਖ ਗੁਰੂ ਤੋਂ ਜੁਗਤੀ ਹਾਸਲ ਕਰਦਾ ਹੈ। ਇਸ ਲਈ ਗੁਰੂ ਉਹੀ ਹੈ ਜੋ ਇਸ ਅਸਗਾਹ ਸਮੁੰਦਰ ਵਿੱਚੋਂ ਸਿੱਖ ਨੂੰ ਤਾਰਨਹਾਰ ਹੈ। ਬਾਣੀ ਦਾ ਹੁਕਮ ਹੈ:

– ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ॥
ਸੁਪਨੰਤਰੁ ਸੰਸਾਰੁ ਸਭ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ॥ (੧੩੧੧)

ਪੰਚਮ ਪਾਤਸ਼ਾਹ ਉਸ ਗੁਰਦੇਵ ਦੇ ਚਰਨਾਂ ਤੋਂ ਬਲਿਹਾਰ ਜਾਂਦੇ ਹਨ ਜਿਸ ਦਾ ਉਪਦੇਸ਼ ਕਲਿਆਣਕਾਰੀ ਹੈ ਅਤੇ ਜੋ ਸਰਬ ਰੋਗਾਂ ਦਾ ਨਾਸ਼ ਕਰਨ ਵਾਲਾ ਸੰਸਾਰ ਸਮੁੰਦਰ ਤੋਂ ਤਰਨ ਵਾਲਿਆਂ ਨੂੰ ਤਾਰਨ ਲਈ ਸਮਰੱਥ ਹੈ:

– ਬਲਿਹਾਰੀ ਗੁਰਦੇਵ ਚਰਨ॥ ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ ਉਪਦੇਸੁ ਹਮਾਰੀ ਗਤਿ ਕਰਨ॥ਰਹਾਉ॥
ਦੂਖ ਰੋਗ ਭੈ ਸਗਲ ਬਿਨਾਸੇ ਜੋ ਆਵੈ ਹਰਿ ਸੰਤ ਸਰਨ॥

ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ॥ (੧੨੦੬)

- ਸਤਿਗੁਰ ਬਚਨ ਤੁਮ੍ਹਾਰੇ॥ ਨਿਰਗੁਣ ਨਿਸਤਾਰੇ॥ਰਹਾਉ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥
ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ॥ (੪੦੬)

ਸੱਚੇ ਸਤਿਗੁਰੂ ਦੇ ਬਚਨ ਹੀ ਹਨ ਜੋ ਪਾਪੀਆਂ ਦਾ ਪਾਰ ਉਤਾਰਾ ਕਰਨ ਵਾਲੇ ਅਤੇ ਆਵਾਗਵਨ ਤੋਂ ਬਚਾਉਣ ਵਾਲੇ ਹਨ। ਅੱਜ ਲੋਕ ਦੂਜਿਆਂ ਦਾ ਪਾਰ ਉਤਾਰਾ ਕਰਨ ਦਾ ਜ਼ਿੰਮਾ ਤਾਂ ਚੁਕਦੇ ਹਨ ਪਰ ਸਵਾਲ ਤਾਂ ਇਹ ਹੈ ਕਿ ਦੂਜੇ ਨੂੰ ਉਹ ਤਾਰੇ ਜੋ ਆਪ ਤਰਨਾ ਜਾਣਦਾ ਹੋਵੇ, ਹੁਕਮ ਹੈ:

- ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ॥ (੧੧੦੧)

ਪੰਚਮ ਪਿਤਾ ਤਾਰਨਹਾਰੇ ਬਾਰੇ ਇੰਜ ਦੱਸਦੇ ਹਨ:

- ਨਾਰਾਇਨ ਨਰਪਤਿ ਨਮਸਕਾਰੈ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥ (੧੩੦੧)

ਜੋ ਆਪ ਸੰਸਾਰ ਬੰਧਨਾਂ ਤੋਂ ਮੁਕਤ ਹੈ ਉਹੀ ਦੂਜਿਆਂ ਨੂੰ ਤਾਰਨ ਲਈ ਸਮਰੱਥ ਹੈ ਅਤੇ ਉਸੇ ਦੀ ਸੇਵਾ ਕਰਕੇ ਜਮਾਂ ਤੋਂ ਛੁਟਕਾਰਾ ਹੋ ਸਕਦਾ ਹੈ:

- ਗੁਰੁ ਬੋਹਿਥੁ ਤਾਰੇ ਭਵ ਪਾਰਿ॥ ਗੁਰ ਸੇਵਾ ਜਮ ਤੇ ਛੁਟਕਾਰਿ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ॥ ਗੁਰ ਕੈ ਸੰਗਿ ਸਗਲ ਨਿਸਤਾਰਾ॥ (੮੬੪)

ਭਾਈ ਗੁਰਦਾਸ ਜੀ ਦਾ ਕਥਨ ਹੈ:

- ਸੁਖ ਸਾਗਰੁ ਗੁਰਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ॥
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ॥ (ਵਾਰ ੨੬, ਪਉੜੀ ੧੯)

## ਗੁਰੁ ਵਿਚੋਲਾ

ਜਿਵੇਂ ਕਿਸੇ ਰਾਜੇ ਮਹਾਰਾਜੇ ਦੇ ਦਰਬਾਰ ਤੱਕ ਪਹੁੰਚਣ ਲਈ ਕਿਸੇ ਵਿਚੋਲੇ ਦੀ ਮਦਦ ਲੈਣੀ ਪੈਂਦੀ ਹੈ, ਇਸੇ ਤਰ੍ਹਾਂ ਵਾਹਿਗੁਰੂ ਦੀ ਪ੍ਰਾਪਤੀ ਲਈ ਜੀਵ ਨੂੰ ਗੁਰੂ ਦੀ ਲੋੜ ਹੈ। ਪ੍ਰਮਾਤਮਾ ਅਤੇ ਜੀਵ ਆਤਮਾ ਦੇ ਮਿਲਾਪ ਲਈ ਗੁਰੂ ਹੀ ਵਿਚੋਲਾ ਹੈ।

- ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥ (੯੬੪)

- ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥ ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥ (੯੫੭)

- ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ॥ (੧੭੪)

- ਦੋਵੈ ਥਾਵ ਰਖੇ ਗੁਰ ਸੂਰੇ॥ ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ॥ (੮੨੫)

ਲੋਕ ਪ੍ਰਲੋਕ ਵਿੱਚ ਸੁਖ ਦਾ ਸਹਾਇਕ ਅਥਵਾ ਰਾਖਾ ਸਚਾ ਸਤਿਗੁਰੂ ਹੀ ਹੁੰਦਾ ਹੈ।

- ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ (੨੮੬)

- ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ॥ ਤਿਸੁ ਗੁਰ ਊਪਰਿ ਸਦਾ ਹਉ ਵਾਰਿਆ॥ (੧੩੩੮)

## ਗੁਰੂ ਨਿਮਰਤਾ ਦਾ ਘਰ

ਵਾਹਿਗੁਰੂ ਦੀ ਪ੍ਰਾਪਤੀ ਲਈ ਜੀਵ ਨੂੰ ਬੇਅੰਤ ਗੁਣਾਂ ਦੀ ਲੋੜ ਹੈ ਪਰ ਸਭ ਤੋਂ ਵੱਡਾ ਗੁਣ ਹੈ ਆਪਾ ਭਾਵ ਦਾ ਤਿਆਗਣਾ। ਕਿਉਂਕਿ ਪਰਮ ਆਤਮਾ ਅਤੇ ਜੀਵ ਆਤਮਾ ਦੇ ਵਿਛੋੜੇ ਦਾ ਕਾਰਨ ਹਉਮੈ ਹੀ ਹੈ, ਜਦ ਤੱਕ ਇਹ ਨਾ ਮਿਟੇ ਹਿਰਦੇ ਵਿੱਚ ਨਾਮ ਦਾ ਨਿਵਾਸ ਨਹੀਂ ਹੋ ਸਕਦਾ। ਗੁਰਵਾਕ ਹੈ:

- ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
  ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥ (੫੬੦)

ਗੁਰਬਾਣੀ ਵਿੱਚ ਹਉਮੈ ਦੇ ਤਿਆਗ ਦਾ ਲੋਕਾਂ ਨੂੰ ਹੀ ਨਹੀਂ ਉਪਦੇਸ਼ ਕੀਤਾ ਗਿਆ ਬਲਕਿ ਗੁਰੂ ਸਾਹਿਬ ਨੇ ਇਸ ਦਾ ਅਸਲੀ ਸਬੂਤ ਵੀ ਦਿੱਤਾ ਹੈ:

- ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
  ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥ (੧੫੬)

- ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ॥
  ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ॥ (੧੬੭)

- ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥ ਕੇਤੇ ਗਨਉ ਅਸੰਖ ਅਵਗਣ ਮੇਰਿਆ॥ (੭੦੪)

- ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥
  ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥ (੧੪੧੬)

- ਸਭਿ ਅਵਗਣ ਮੈ ਗੁਣੁ ਨਹੀ ਕੋਈ॥ ਕਿਉ ਕਰਿ ਕੰਤ ਮਿਲਾਵਾ ਹੋਈ॥
  ਨਾ ਮੈ ਰੂਪੁ ਨ ਬੰਕੇ ਨੈਣਾ॥ ਨਾ ਕੁਲ ਢੰਗੁ ਨ ਮੀਠੇ ਬੈਣਾ॥ (੭੫੦)

## ਗੁਰੂ ਭਰਮ ਨਾਸ਼ਕ

ਭਰਮ, ਜਿਸਦੇ ਕਾਰਨ ਜੀਵ ਪ੍ਰਭੂ ਪ੍ਰਾਪਤੀ ਤੋਂ ਵਾਂਝਿਆਂ ਰਹਿੰਦਾ ਹੈ। ਗੁਰਵਾਕ ਹੈ:

- ਭਰਮੇ ਭੂਲੀ ਰੇ ਜੈ ਚੰਦਾ॥ ਨਹੀ ਨਹੀਂ ਚੀਨ੍ਹਿਆ ਪਰਮਾਨੰਦਾ॥ (੫੨੬)

ਜਦ ਤੱਕ ਭਰਮ ਦਾ ਨਾਸ਼ ਨਾ ਹੋਵੇ ਡਿਗਣਾਂ ਤੇ ਬੋਲਣਾ ਖ਼ਤਮ ਨਹੀਂ ਹੁੰਦਾ, ਨਾ ਹੀ ਮਨ ਸਥਿਰ ਹੁੰਦਾ ਹੈ। ਐਸੇ ਭਰਮਾਂ ਦੀ ਨਵਿਰਤੀ ਸੱਚੇ ਗੁਰੂ ਦੇ ਉਪਦੇਸ਼ ਦੁਆਰਾ ਹੋ ਸਕਦੀ ਹੈ।

- ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ॥ ਕ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ॥ (੪੦੦)

ਜਦੋਂ ਗੁਰੂ ਦੇ ਗਿਆਨ ਦੁਆਰਾ ਭਰਮ ਨਵਿਰਤ ਹੋ ਜਾਵੇ ਤਾਂ ਮਨ ਦੇ ਝੋਰੇ ਮਿਟ ਜਾਂਦੇ ਹਨ ਪਰ ਐਸਾ ਗੁਰੂ ਵਾਹਿਗੁਰੂ ਦੀ ਮਿਹਰ ਦੁਆਰਾ ਹੀ ਮਿਲਦਾ ਹੈ:

**- ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ॥**
**ਨਾਨਕ ਦਇਆ ਕਰੀ ਸੁਖਦਾਤੈ ਭੇਟਿਆ ਸਤਿਗੁਰੁ ਪੂਰਾ॥ (੭੪੮)**

ਅਤੇ ਜਦੋਂ ਪੂਰਾ ਗੁਰੂ ਮਿਲ ਗਿਆ ਤਾਂ ਉਸ ਤੋਂ ਪ੍ਰਾਪਤ ਕੀਤੇ ਨਾਮ ਦੁਆਰਾ ਭਰਮ ਦਾ ਆਂਡਾ ਫੁੱਟ ਜਾਂਦਾ ਹੈ।

**- ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥(੧੦੦੨)**

**- ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ॥**
**ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ॥ (੬੬੬)**

**- ਗੁਰੁ ਪੂਰਾ ਭੇਟਿਓ ਬਡ ਭਾਗੀ ਅੰਤਰਜਾਮੀ ਸੁਘੜੁ ਸੁਜਾਨੁ॥**
**ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ॥**
**ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ॥ (੮੨੫)**

**- ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ॥ (੩੮੫)**

ਭਰਮ ਦੇ ਪਰਦੇ ਸੱਚੇ ਗੁਰੂ ਬਿਨਾਂ ਨਹੀਂ ਖੁੱਲ੍ਹਦੇ, ਇਸ ਲਈ ਗੁਰੂ ਉਹੀ ਹੈ ਜੋ ਭਰਮ ਨਾਸ਼ਕ ਹੋਵੇ, ਭਾਵ ਆਪਣੀ ਸ਼ਕਤੀ ਦੁਆਰਾ ਜੀਵਾਂ ਦਾ ਭਰਮ ਮਿਟਾ ਸਕੇ ਕਿਉਂਕਿ ਭਰਮ ਇੱਕ ਐਸਾ ਜੀਵ ਅਤੇ ਈਸ਼ਵਰ ਦਰਮਿਆਨ ਪਰਦਾ ਹੈ ਜਿਸ ਨੂੰ ਗਿਆਨ ਰੂਪ ਹਥਿਆਰ ਹੀ ਕੱਟ ਸਕਦਾ ਹੈ। ਕਬੀਰ ਜੀ ਦਾ ਵਾਕ ਹੈ:

**- ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥ (੩੩੧)**

ਭਰਮ ਵਿੱਚ ਭੁੱਲੇ ਜੀਵ ਨੂੰ ਕੇਵਲ ਸੱਚਾ ਗੁਰੂ ਹੀ ਰਸਤੇ ਪਾਉਂਦਾ ਹੈ।

**- ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਭਰਮਿ ਭੁਲਾ ਮਾਰਗਿ ਪਾਇਆ॥ (੫੧੩)**

## ਗੁਰੂ ਅਨੰਦ ਦਾ ਦਾਤਾ

ਸੱਚੇ ਗੁਰੂ ਦੀ ਇੱਕ ਨਿਸ਼ਾਨੀ ਇਹ ਵੀ ਹੈ ਕਿ ਉਹ ਅਨੰਦ ਦਾ ਦਾਤਾ ਹੈ। ਕੋਈ ਮਨੁੱਖ ਜਿਨਾਂ ਉੱਚੇ ਤੇ ਸੁੱਚੇ ਸੁਭਾਅ ਦਾ ਹੋਵੇ, ਉਤਨਾ ਹੀ ਉਹ ਸਭ ਨੂੰ ਪਿਆਰਾ ਲੱਗਦਾ ਹੈ। ਪਰ ਐਸਾ ਕੋਈ ਨਹੀਂ ਜਿਸ ਨੂੰ ਮਿਲਿਆਂ ਹਰ ਖ਼ਿਆਲ ਦੇ ਮਨੁੱਖ ਨੂੰ ਲੋਕ ਪ੍ਰਲੋਕ ਦਾ ਸੁੱਖ ਅਤੇ ਆਤਮਿਕ ਅਨੰਦ ਪ੍ਰਾਪਤ ਹੋਵੇ। ਇਹ ਸ਼ਕਤੀ ਸਤਿਗੁਰੂ ਵਿੱਚ ਹੀ ਹੈ।

**- ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥**
**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥ (੧੬੮)**

**- ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ॥**
**ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ॥ (੬੩੦)**

**- ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ॥**

ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ॥ (੬੯)

– ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ॥ (੫੯੪)

– ਜਿਉ ਅੰਧਕਾਰ ਦੀਪਕ ਪਰਗਾਸੁ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ। (੨੯੨)

ਗੁਰੂ ਉਹ ਹੈ ਜਿਸਨੂੰ ਮਿਲਿਆਂ ਮੈਲੇ ਤੋਂ ਮੈਲਾ ਮਨ ਕਿਸੇ ਅਗੰਮੀ ਖੇੜੇ ਵਿੱਚ ਆ ਜਾਵੇ। ਪਰ ਕਿਸੇ ਦੇਹਧਾਰੀ ਨੂੰ ਮਿਲਿਆਂ ਇਹ ਚੀਜ਼ ਨਹੀਂ ਮਿਲਦੀ ਸਗੋਂ ਚਰਚਾ ਵਿਚਾਰ ਸਮੇਂ ਕਈਆਂ ਦੇ ਚੇਹਰੇ ਤੇ ਕ੍ਰੋਧ ਦੀਆਂ ਲਾਟਾਂ ਦਿਖਾਈ ਦਿੰਦੀਆਂ ਹਨ ਤਾਂ ਮਨ ਨੂੰ ਇੱਕ ਬੇਚੈਨੀ ਜਿਹੀ ਹੁੰਦੀ ਹੈ। ਸਤਿ, ਸੰਤੋਖ, ਧੀਰਜ, ਸਿਮਰਨ, ਸ਼ਾਂਤੀ ਆਦਿ ਕੁਝ ਹੋਰ ਵੀ ਇਲਾਹੀ ਸਿਫ਼ਤਾਂ ਹਨ ਜੋ ਚਤੁਰਾਈ, ਸਿਆਣਪ ਨਾਲ ਨਹੀਂ ਬਲਕਿ ਈਸ਼ਵਰ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀਆਂ ਹਨ। ਜਿਨ੍ਹਾਂ ਨੂੰ ਪ੍ਰਾਪਤ ਹਨ ਉਹ ਇਸ਼ਤਿਹਾਰਬਾਜ਼ੀ ਨਹੀਂ ਕਰਦੇ ਸਗੋਂ ਆਪਣੇ ਆਪ ਨੂੰ ਲੁਕਾ ਕੇ ਰੱਖਦੇ ਹਨ:

– ਜਿਨ ਹਰ ਪਾਇਆ ਤਿਨਹਿ ਛੁਪਾਇਆ॥

– ਕਹੁ ਕਬੀਰ ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ॥ (੮੭੦)

## ਗੁਰੂ ਮੁਕਤੀ ਦਾ ਦਾਤਾ

ਗੁਰਮਤ ਅਨੁਸਾਰ ਮੁਕਤੀ ਤੋਂ ਮੁਰਾਦ ਸੰਸਾਰਕ ਦੁੱਖਾਂ ਤੋਂ ਮਨ ਕਰਕੇ ਛੁਟਕਾਰਾ ਅਤੇ ਵਾਹਿਗੁਰੂ ਵਿੱਚ ਲਿਵਲੀਨਤਾ ਹੈ ਜਿਸ ਪਿੱਛੋਂ ਜੀਵ ਦਾ ਆਵਾਗਵਨ ਖ਼ਤਮ ਹੋ ਜਾਂਦਾ ਹੈ। ਐਸੇ ਜੀਵਨ ਮੁਕਤ ਪੁਰਸ਼ਾਂ ਲਈ ਹੁਕਮ ਹੈ:

– ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥ (੨੭੯)

– ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ॥ ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ॥ (੫੨)

– ਚੂਕਾ ਗਉਣੁ ਮਿਟਿਆ ਅੰਧਿਆਰੁ॥ ਗੁਰਿ ਦਿਖਲਾਇਆ ਮੁਕਤਿ ਦੁਆਰੁ॥ (੧੩੪੯)

ਇਹ ਸ਼ਕਤੀ ਪੂਰੇ ਗੁਰੂ ਵਿੱਚ ਹੀ ਹੈ ਜੋ ਜੀਵਾਂ ਦੇ ਅਨੇਕਾਂ ਪਾਪਾਂ ਦਾ ਨਾਸ਼ ਕਰਕੇ ਸੰਸਾਰ ਸਾਗਰ ਤੋਂ ਪਾਰ ਕਰਦਾ ਹੈ। ਪੰਚਮ ਪਿਤਾ ਫੁਰਮਾਉਂਦੇ ਹਨ:

– ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ॥
ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ॥ (੩੯੩)

ਗੁਰਮਤਿ ਫਿਲਾਸਫੀ ਅਨੁਸਾਰ ਮੁਕਤ ਉਹ ਹੈ ਜੋ ਗੁਰੂ ਉਪਦੇਸ਼ (ਨਾਮ) ਦੀ ਕਮਾਈ ਕਰਦਿਆਂ ਹੋਇਆਂ ਹੇਠ ਲਿਖੇ ਸ਼ਬਦ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ:

– ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ (੨੭੫)

# ਗੁਰੂ ਔਗੁਣ ਨਾਸ਼ਕ

ਜੀਵ ਸੰਸਾਰ ਵਿੱਚ ਹਜ਼ਾਰਾਂ ਬੁਰੇ ਕਰਮ ਕਰਦਾ ਹੈ। ਇਹ ਕਰਮ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ:

**੧. ਕਿਰਿਆਮਾਨ ਕਰਮ:-** ਕਰਮ ਦਾ ਉਹ ਹਿੱਸਾ ਜਦ ਉਹ ਕੀਤਾ ਜਾਵੇ।

**੨. ਸੰਚਤ ਕਰਮ:-** ਸੰਚਤ ਕਰਮ ਉਹ ਹੈ ਜਦ ਪੂਰਾ ਹੋ ਜਾਣ ਤੇ ਕਰਮ ਸੰਖਿਆ ਵਿੱਚ ਜਮ੍ਹਾਂ ਹੋ ਜਾਵੇ।

**੩. ਪ੍ਰਾਰਬਧ ਕਰਮ:-** ਉਹ ਹੈ ਜਦ ਉਸਦਾ ਫਲ ਭੋਗਣਾ ਪਵੇ।

ਸਾਡੇ ਕਰਮ ਆਮ ਤੌਰ 'ਤੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਅਧੀਨ ਹੋ ਕੇ ਕੀਤੇ ਜਾਂਦੇ ਹਨ। ਸੱਚਾ ਗੁਰੂ ਉਹ ਹੈ ਜੋ ਆਪਣੇ ਪਵਿੱਤਰ ਉਪਦੇਸ਼ ਦੁਆਰਾ ਜੀਵ ਦੇ ਔਗੁਣ ਨਾਸ਼ ਕਰਕੇ ਉਸਨੂੰ ਵਿਕਾਰਾਂ ਦੇ ਜਾਲ ਵਿੱਚੋਂ ਕੱਢ ਸਕੇ। ਗੁਰੂ ਸਾਹਿਬਾਂ ਨੇ ਜਿਵੇਂ ਕਿਰਿਆਮਾਨ ਕਰਮ ਤੋਂ ਜੀਵਾਂ ਦੀ ਰੱਖਿਆ ਕੀਤੀ ਹੈ ਉਸ ਬਾਰੇ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

**- ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ॥ ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ॥(੨੪੧)**

ਜੀਵ ਅਗਿਆਨਤਾ ਕਾਰਨ ਮਾੜੇ ਚੰਗੇ ਕਰਮਾਂ ਦੇ ਨਤੀਜੇ ਨੂੰ ਨਹੀਂ ਸਮਝ ਸਕਦਾ, ਇਸ ਲਈ ਅੰਨ੍ਹੇਵਾਹ ਕਰਮ ਕਰੀ ਜਾਂਦਾ ਹੈ ਜਿਸ ਨੂੰ ਸਤਿਗੁਰੂ ਬਾਂਹ ਪਕੜ ਕੇ ਕੱਢਦਾ ਹੈ:

**- ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ॥**
**ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ॥ (੧੨੧੮)**

ਜਮ੍ਹਾਂ ਹੋਏ (ਸੰਚਤ) ਕਰਮਾਂ ਨੂੰ ਸਤਿਗੁਰੂ ਕੱਟਦਾ ਹੈ, ਉਸ ਬਾਰੇ ਹੁਕਮ ਹੈ:

**- ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ॥ ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ॥ (੭੧੦)**

**- ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ॥ ਹਮ ਅਪਰਾਧੀ ਤੁਮ੍ ਬਖਸਾਤੇ॥**
**ਜਿਸੁ ਪਾਪੀ ਕਉ ਮਿਲੈ ਨ ਢੋਈ॥ ਸਰਣਿ ਆਵੈ ਤਾਂ ਨਿਰਮਲੁ ਹੋਈ॥ (੧੧੪੧)**

**- ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ॥**
**ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ॥ (੧੨੯੬)**

**- ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ॥ ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ॥(੮੦੮)**

**- ਸਤਿਗੁਰੁ ਨਿਰਵੈਰੁ ਪੁਰੁ ਸਰੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ॥**
**ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ॥ (੯੬੦)**

ਪਰ ਇਹ ਕਾਰਜ ਪੂਰੇ ਗੁਰੂ ਦਾ ਹੀ ਹੈ:

**- ਗੁਰ ਪੂਰੇ ਕੇ ਚਰਣ ਗਹੇ॥ ਕੋਟਿ ਜਨਮ ਕੇ ਪਾਪ ਲਹੇ॥ (੩੮੭)**

ਭਾਈ ਗੁਰਦਾਸ ਜੀ ਲਿਖਦੇ ਹਨ:

– ਸਤਿਗੁਰ ਗੁਣੀ ਨਿਧਾਨ ਹੈ ਗੁਣ ਕਰਿ ਬਖਸੈ ਅਵਗੁਣਿਆਰੇ॥
ਸਤਿਗੁਰ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ॥ (ਵਾਰ ੨੬, ਪਉੜੀ ੧੯)

ਜਦੋਂ ਜੀਵ ਦੇ ਹਿਰਦੇ ਦੀਆਂ ਸਾਰੀਆਂ ਵਾਸ਼ਨਾਵਾਂ ਖ਼ਤਮ ਹੋ ਜਾਣ ਤਾਂ ਉਹ ਸਰੀਰ ਵਿੱਚ ਹੀ ਬ੍ਰਹਮ ਨੂੰ ਪਾ ਲੈਂਦਾ ਹੈ। ਸੋ ਗੁਰੂ ਹੀ ਜੀਵ ਦੇ ਦੁਕ੍ਰਿਤ ਕਰਮਾਂ ਦਾ ਨਾਸ਼ ਕਰਕੇ ਈਸ਼ਵਰ ਵਿੱਚ ਅਭੇਦ ਕਰਦਾ ਹੈ। ਜਿਸ ਨੂੰ ਆਪ ਬ੍ਰਹਮ ਗਿਆਨ ਭਾਵ ਨਾਮ ਦੀ ਪ੍ਰਾਪਤੀ ਨਹੀਂ, ਦਿਨ ਰਾਤ ਵਿਸ਼ੇ ਵਿਕਾਰਾਂ ਵਿੱਚ ਗਲਤਾਨ ਹੈ, ਉਹ ਦੂਜੇ ਦੇ ਔਗੁਣਾਂ ਦਾ ਨਾਸ਼ ਕਰਕੇ ਉੱਤਮ ਗੁਣ ਕਿੱਥੋਂ ਦੇ ਸਕਦਾ ਹੈ? ਗੁਰੂ ਸਾਹਿਬ ਦਾ ਹੁਕਮ ਹੈ:

– ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ॥
ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ॥ (੩੦੬)

## ਗੁਰੂ ਸ਼ਰਧਾ ਪੂਰਕ

ਹਰ ਇਨਸਾਨ ਦੇ ਦਿਲ ਵਿੱਚ ਬੇਅੰਤ ਕਾਮਨਾਵਾਂ ਹੁੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਲਈ ਸਾਰੀ ਉਮਰ ਕਲਪਨਾ ਤੇ ਕਲੇਸ਼ ਵਿੱਚ ਬਤੀਤ ਕਰਦਾ ਹੈ। ਸੱਚੇ ਗੁਰੂ ਦੀ ਨਿਸ਼ਾਨੀ ਇਹ ਹੈ ਕਿ ਉਹ ਜੀਵ ਦੀਆਂ ਗਲਤ ਮੰਗਾਂ ਨੂੰ ਨਾਮ ਬਲ ਦੁਆਰਾ ਮਿਟਾ ਕੇ ਯੋਗ ਮੰਗਾਂ ਪੂਰੀਆਂ ਕਰਦਾ ਹੈ। ਗੁਰਬਾਣੀ ਦੇ ਕੁਝ ਪ੍ਰਮਾਣ ਇਸ ਦੀ ਪੁਸ਼ਟੀ ਕਰਦੇ ਹੋਏ ਨਜ਼ਰ ਆਉਂਦੇ ਹਨ:

– ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ॥
ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ॥ (੮੩੬)

– ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥ ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ॥(੫੨)

– ਸਰਬ ਕਲਿਆਣ ਸੂਖ ਮਨਿ ਵੂਠੇ॥ ਹਰਿ ਗੁਣ ਗਾਏ ਗੁਰ ਨਾਨਕ ਤੂਠੇ॥ (੧੩੪੧)

## ਗੁਰੂ ਸਰਬ ਰੋਗ ਨਾਸ਼ਕ

ਮਾਨਸਿਕ ਰੋਗਾਂ ਤੋਂ ਇਲਾਵਾ ਹਜ਼ਾਰਾਂ ਸਰੀਰਕ ਰੋਗ ਵੀ ਹਨ ਜਿਨ੍ਹਾਂ ਦੀ ਨਵਿਰਤੀ ਲਈ ਡਾਕਟਰਾਂ ਹਕੀਮਾਂ ਦੀ ਸਹਾਇਤਾ ਲਈ ਜਾਂਦੀ ਹੈ। ਪਰ ਗੁਰਬਾਣੀ ਵਿੱਚ ਇਸ ਗੱਲ ਨੂੰ ਭਲੀ ਪ੍ਰਕਾਰ ਸਿੱਧ ਕੀਤਾ ਗਿਆ ਹੈ ਕਿ ਨਾਮ ਸਿਮਰਨ ਨਾਲ ਜਿੱਥੇ ਮਾਨਸਿਕ ਰੋਗ ਦੂਰ ਹੁੰਦੇ ਹਨ ਉਥੇ ਸਰੀਰਕ ਰੋਗਾਂ ਤੋਂ ਵੀ ਛੁਟਕਾਰਾ ਮਿਲਦਾ ਹੈ।

– ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥ (੨੭੪)

ਸੱਚਾ ਗੁਰੂ ਉਹੀ ਹੈ ਜੋ ਨਾਮ ਸ਼ਕਤੀ ਦੁਆਰਾ ਸਿੱਖ ਦੇ ਹਰ ਪ੍ਰਕਾਰ ਦੇ ਰੋਗ ਮਿਟਾ ਸਕੇ।

– ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ॥
ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ॥ (੫੯੧)

– ਮੇਰਾ ਲਾਗੋ ਰਾਮ ਸਿਉ ਹੇਤੁ॥ ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ॥ (੬੭੫)

– ਸਤਿਗੁਰੁ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ॥

**ਕਾਟਿਆ ਰੋਗੁ ਮਹਾ ਸੁਖੁ ਪਾਇਆ ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ॥** (੩੮੩)

ਜਦ ਤੱਕ ਜੀਵ ਨੂੰ ਪੂਰੇ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਤਦ ਤੱਕ ਇਸ ਦੇ ਰੋਗਾਂ ਦੀ ਨਵਿਰਤੀ ਨਹੀਂ ਹੋ ਸਕਦੀ।

- **ਰੋਗੇ ਮਰਤਾ ਰੋਗੇ ਜਨਮੈ॥ ਰੋਗੇ ਫਿਰਿ ਫਿਰਿ ਜੋਨੀ ਭਰਮੈ॥**
  **ਰੋਗ ਬੰਧ ਰਹਨੁ ਰਤੀ ਨ ਪਾਵੈ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥** (੧੧੪੦)

- **ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ॥**
  **ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ॥** (੧੪੨੪)

## ਗੁਰੂ ਪੰਜਾਂ ਵਿਕਾਰਾਂ ਤੋਂ ਰਹਿਤ

ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪੰਜ ਐਸੇ ਜਜ਼ਬੇ ਹਨ ਜਿਨ੍ਹਾਂ ਤੋਂ ਅੱਜ ਤੱਕ ਕੋਈ ਬਚ ਨਹੀਂ ਸਕਿਆ। ਵੱਡੇ ਵੱਡੇ ਰਿਸ਼ੀ ਮੁਨੀ, ਅਵਤਾਰ ਵੀ ਇਨ੍ਹਾਂ ਦਾ ਸ਼ਿਕਾਰ ਹੋ ਗਏ। ਇਹ ਸਾਰੇ ਆਪਣੀ ਆਪਣੀ ਜਗ੍ਹਾ ਅਥਾਹ ਬਲ ਰੱਖਦੇ ਸਨ ਪਰ ਸਭਨਾਂ ਵਿੱਚ ਲੋਭ ਹੀ ਪ੍ਰਚੰਡ ਸੀ। ਲੋਭ ਦੇ ਨਾਸ਼ ਹੋਣ ਨਾਲ ਸਾਰੇ ਉਪੱਦਰ ਨਾਸ਼ ਹੁੰਦੇ ਹਨ ਅਤੇ ਦੁਰਲੱਭ ਬੁੱਧੀ ਪ੍ਰਾਪਤ ਹੁੰਦੀ ਹੈ। ਸੱਚੇ ਗੁਰੂ ਦੀ ਇੱਕ ਨਿਸ਼ਾਨੀ ਇਹ ਹੁੰਦੀ ਹੈ ਕਿ ਉਸਨੇ ਇਨ੍ਹਾਂ ਪੰਜਾਂ ਦੂਤਾਂ ਨੂੰ ਆਪਣੇ ਵੱਸ ਕੀਤਾ ਹੋਇਆ ਹੁੰਦਾ ਹੈ। ਗੁਰਵਾਕ ਹੈ:

- **ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥**
  **ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥** (੩੦੪)

- **ਹਉਮੈ ਰੋਗੁ ਮਾਨੁਖ ਕਉ ਦੀਨਾ॥ ਕਾਮ ਰੋਗਿ ਮੈਗਲੁ ਬਸਿ ਲੀਨਾ॥**
  **ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥ ਨਾਦ ਰੋਗਿ ਖਪਿ ਗਏ ਕੁਰੰਗਾ॥**
  **ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥** (੧੧੪੦)

- **ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥**
  **ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥** (੪੦੪)

ਕਲਗੀਧਰ ਜੀ ਨੇ ਅਨੁਭਵ ਕਰ ਲਿਆ ਸੀ ਕਿ ਕਲਜੁਗ ਵਿੱਚ ਐਸੇ ਭੇਖੀ ਗੁਰੂ ਪੈਦਾ ਹੋਣਗੇ ਜੋ ਪੰਜਾਂ ਵਿਕਾਰਾਂ ਤੋਂ ਰਹਿਤ ਨਹੀਂ ਹੋਣਗੇ। ਇਸ ਲਈ ਹਜ਼ੂਰ ਨੇ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਥਾਪਿਤ ਕੀਤਾ ਜਿਨ੍ਹਾਂ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਹੀਂ ਹੈ। ਸੱਚੇ ਪਾਤਸ਼ਾਹ ਦੀ ਹਜੂਰੀ ਵਿੱਚ ਜੋ ਧਨ ਪਦਾਰਥ ਚੜ੍ਹਦਾ ਹੈ ਉਸ ਨੂੰ ਸਿੱਖ ਸੰਗਤਾਂ ਅਤੇ ਲੋੜਵੰਦ ਅਨਾਥ ਹੀ ਵਰਤਦੇ ਹਨ। ਭੇਖੀ ਗੁਰੂ ਤਾਂ ਸਭੋ ਕੁਝ ਹੜੱਪ ਕਰ ਜਾਂਦੇ ਹਨ। ਸੋ ਸੱਚਾ ਗੁਰੂ ਉਹੀ ਹੈ ਜੋ ਪੰਜਾਂ ਤੋਂ ਰਹਿਤ ਹੋਵੇ ਅਤੇ ਆਪ ਅਭੁੱਲ ਹੋਵੇ:

- **ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥** (੬੧)

## ਗੁਰੂ ਸਮਦ੍ਰਿਸ਼ਟ

ਜਿਵੇਂ ਈਸ਼ਵਰ ਸਰਬ ਜੀਵਾਂ ਲਈ ਸਾਂਝਾ ਹੈ, ਉਸਦੇ ਬੇਅੰਤ ਅਮੁੱਲੇ ਪਦਾਰਥ ਪਵਣ, ਪਾਣੀ, ਅਗਨੀ, ਸੂਰਜ, ਧਰਤੀ ਆਦਿ ਸਭ ਲਈ ਸਾਂਝੇ ਹਨ ਅਤੇ ਉਸਦੀ ਦ੍ਰਿਸ਼ਟੀ ਸਭ ਤੇ ਇੱਕ ਜੈਸੀ ਹੈ, ਇਸੇ ਤਰ੍ਹਾਂ ਸੱਚਾ ਗੁਰੂ ਵੀ ਉਹ ਹੈ ਜੋ ਸਭ ਦਾ ਸਾਂਝਾ ਅਤੇ ਸਮਦ੍ਰਿਸ਼ਟ ਹੋਵੇ। ਗੁਰਵਾਕ ਹੈ:

**– ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥(੫੯੪)**

**– ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ॥ (੨੩੬)**

**– ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ॥**
**ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ॥ (੬੦੨)**

**– ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ॥**
**ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ॥ (੧੪੨੧)**

ਭਾਈ ਗੁਰਦਾਸ ਜੀ ਦਾ ਕਥਨ ਹੈ:

**– ਤੈਸੇ ਸਤਿਗੁਰ ਸਮਦਰਸੀ ਪੁਹਪ ਗਤਿ ਸਿਖ ਸਾਖਾ ਬਿਬਿਧਿ ਬਿਰਖ ਫਲ ਪਾਵਹੀ॥ (ਕਬਿਤ ੩੭੦)**

ਇਹ ਸਾਰੇ ਪ੍ਰਮਾਣ ਸੱਚੇ ਗੁਰੂ ਦੀ ਸਮਦ੍ਰਿਸ਼ਟਤਾ ਦਰਸਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਡੂਮ ਮਰਦਾਨੇ ਨੂੰ ਭਾਈ ਮਰਦਾਨੇ ਦਾ ਖਿਤਾਬ ਦੇਣਾ, ਗੁਰੂ ਅਰਜਨ ਸਾਹਿਬ ਦਾ ਨੀਵੀਂ ਤੋਂ ਨੀਵੀਂ ਜਾਤ ਦੇ ਭਗਤਾਂ ਦੀ ਬਾਣੀ ਨੂੰ ਗੁਰਬਾਣੀ ਦੀ ਸਮਾਨਤਾ ਦੇਣੀ ਅਤੇ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਮੀਆਂ ਮੀਰ ਪਾਸੋਂ ਰਖਵਾਉਣੀ ਸਭ ਗੁਰੂ ਦੇ ਸਮਦ੍ਰਿਸ਼ਟ ਹੋਣ ਦੇ ਅਟੱਲ ਸਬੂਤ ਹਨ। ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿੱਚ ਇੱਕ ਵੀ ਐਸੀ ਮਿਸਾਲ ਨਹੀਂ ਮਿਲਦੀ ਜਦੋਂ ਕਿਸੇ ਨੂੰ ਇਸ ਲਈ ਲੰਗਰ ਤੋਂ ਜਵਾਬ ਮਿਲਿਆ ਹੋਵੇ ਕਿ ਉਹ ਮੁਸਲਮਾਨ ਹੈ ਜਾਂ ਕਿਸੇ ਨੂੰ ਨਾਮ ਉਪਦੇਸ਼ ਦੀ ਪ੍ਰਾਪਤੀ ਇਸ ਲਈ ਨਾ ਹੋਈ ਹੋਵੇ ਕਿ ਉਹ ਗੁਰੂ ਘਰ ਨੂੰ ਨਹੀਂ ਮੰਨਦਾ।

## ਗੁਰੂ ਸਮਰੱਥ

ਸੰਸਾਰ ਵਿੱਚ ਜਿਤਨੇ ਜੀਵ ਹਨ ਸਾਰੇ ਅਲਪੱਗ ਅਤੇ ਊਰੇ ਹਨ। ਕੇਵਲ ਸੱਚਾ ਗੁਰੂ ਹੀ ਪੂਰਾ ਤੇ ਸਮਰੱਥ ਗੁਰੂ ਹੈ। ਇਨਸਾਨ ਮਿਹਨਤ ਕਰਦਾ ਹੈ ਪਰ ਉਸਦੀ ਮਿਹਨਤ ਨੂੰ ਫਲ ਗੁਰੂ ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਹੀ ਲਗਦਾ ਹੈ। ਜੀਵ ਨੂੰ ਕੋਈ ਪਤਾ ਨਹੀਂ ਹੁੰਦਾ ਕਿ ਮੇਰੀ ਮੁਸ਼ੱਕਤ ਦਾ ਕੀ ਨਤੀਜਾ ਨਿਕਲੇਗਾ ਪਰ ਜਦ ਉਹ ਸੱਚੇ ਗੁਰੂ ਦੇ ਚਰਨਾਂ ਵਿੱਚ ਸਨਿਮਰ ਅਰਦਾਸ ਕਰਦਾ ਹੈ ਤਾਂ ਉਸ ਦੀਆਂ ਸਭ ਮੁਸ਼ਕਲਾਂ ਹੱਲ ਹੁੰਦੀਆਂ ਹਨ। ਸੋ ਗੁਰੂ ਦੀ ਇੱਕ ਸਿਫ਼ਤ ਹੈ ਕਿ ਉਹ ਸਮਰੱਥ ਹੈ, ਜੇ ਉਹ ਚਾਹੇ ਤਾਂ ਕਰਮਹੀਣ ਨੂੰ ਭਾਗਵਾਨ ਬਣਾ ਦੇਵੇ ਅਤੇ ਮਹਾਂਪਾਪੀ ਨੂੰ ਨਾਮ ਸ਼ਕਤੀ ਦੁਆਰਾ ਪਵਿੱਤ੍ਰ ਕਰਕੇ ਮੁਕਤੀ ਦਾ ਅਧਿਕਾਰੀ ਬਣਾ ਦੇਵੇ। ਗੁਰੂ ਫੁਰਮਾਨ ਹੈ:

**– ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥ ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥**
**ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ॥ ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ॥**
**ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥**

**ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥(੫੨)**

**– ਗੁਰ ਸਮਰਥ ਸਦਾ ਦਇਆਲ॥ ਹਰਿ ਜਪਿ ਜਪਿ ਨਾਨਕ ਭਏ ਨਿਹਾਲ॥ (੧੩੪੧)**

**– ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥ ਸਤਿਗੁਰੁ ਮੇਰਾ ਮਾਰਿ ਜੀਵਾਲੈ॥ (੧੧੪੨)**

– ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ ਮਰਦਾ ਬਹੁੜਿ ਜੀਵਾਇਆ ਰਾਮ॥ (੫੩੯)

– ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ॥
ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ॥
ਪੂਰੇ ਗੁਰ ਕੀ ਦੇਖੁ ਵਡਾਈ॥ ਤਾ ਕੀ ਕੀਮਤਿ ਕਹਣੁ ਨ ਜਾਈ॥ (੬੧੪)

ਭਾਈ ਗੁਰਦਾਸ ਜੀ ਗੁਰੂ ਦੀ ਸਮਰੱਥਾ ਬਾਰੇ ਲਿਖਦੇ ਹਨ:

– ਸਤਿਗੁਰ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ॥
ਸਤਿਗੁਰ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ॥
ਸਤਿਗੁਰ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ॥
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸ ਜਲਹੁ ਦੁਧੁ ਪੀਣਾ॥
ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ॥ (ਵਾਰ ੨੬, ਪਉੜੀ ੨੦)

## ਗੁਰੂ ਅਗਿਆਨ ਨਾਸ਼ਕ

ਜਿਸ ਤਰ੍ਹਾਂ ਟੀਚਰ ਉਹੀ ਹੈ ਜੋ ਵਿੱਦਿਆ ਪੜ੍ਹਾ ਸਕੇ, ਡਰਾਈਵਰ ਉਹੋ ਹੈ ਜੋ ਗੱਡੀ ਚੰਗੀ ਤਰ੍ਹਾਂ ਚਲਾ ਸਕੇ ਅਤੇ ਮਲਾਹ ਉਹ ਹੈ ਜੋ ਬੇੜੀ ਨੂੰ ਸਮੁੰਦਰ ਦੀਆਂ ਅਸਗਾਹ ਲਹਿਰਾਂ ਤੋਂ ਬਚਾ ਕੇ ਸਹੀ ਸਲਾਮਤ ਕੰਢੇ ਲਾ ਸਕੇ। ਇਸੇ ਤਰ੍ਹਾਂ ਗੁਰੂ ਉਹੀ ਹੈ ਜੋ ਜਗਿਆਸੂ ਦੇ ਹਿਰਦੇ ਵਿੱਚੋਂ ਅਗਿਆਨ ਰੂਪੀ ਅੰਧੇਰੇ ਨੂੰ ਮਿਟਾ ਕੇ ਗਿਆਨ ਦਾ ਪ੍ਰਕਾਸ਼ ਕਰਾ ਸਕੇ। ਜਿਵੇਂ ਅੰਧਾ ਅੰਧੇ ਨੂੰ ਰੂਪ ਰੰਗ ਬਾਰੇ ਪੁੱਛੇ ਤਾਂ ਉਹ ਕੁਝ ਦੱਸ ਨਹੀਂ ਸਕਦਾ ਕਿਉਂਕਿ ਉਸਨੂੰ ਆਪ ਨਹੀਂ ਦਿਸਦਾ। ਜੇ ਬੋਲ਼ੇ ਨੂੰ ਬੋਲ਼ਾ ਰਾਗ ਤਾਲ ਬਾਰੇ ਪੁੱਛੇ ਤਾਂ ਉਹ ਕੁਝ ਸਮਝਾ ਨਹੀਂ ਸਕਦਾ ਕਿਉਂਕਿ ਉਸਨੇ ਆਪ ਕੁਝ ਨਹੀਂ ਸਮਝਿਆ ਹੁੰਦਾ ਅਤੇ ਜਿਵੇਂ ਗੂੰਗੇ ਨੂੰ ਗੂੰਗੇ ਤੋਂ ਸ਼ਬਦ ਪਾਠ ਜਾਂ ਬਚਨ ਬਿਲਾਸ ਸੁਣਨ ਦਾ ਖ਼ਿਆਲ ਕਰਨਾ ਵਿਅਰਥ ਹੈ, ਇਸੇ ਤਰ੍ਹਾਂ ਸਚੇ ਅਤੇ ਪੂਰੇ ਗੁਰੂ ਬਿਨਾਂ ਕਿਸੇ ਹੋਰ ਤੋਂ ਅਗਿਆਨ ਦਾ ਨਾਸ਼ ਅਤੇ ਗਿਆਨ ਦੀ ਪ੍ਰਾਪਤੀ ਦੀ ਆਸ ਕਰਨੀ ਵਿਅਰਥ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:

– ਜੈਸੇ ਰੂਪ ਰੰਗ ਬਿਧਿ ਪੂਛੈ ਅੰਧੁ ਅੰਧ ਪ੍ਰਤਿ ਆਪ ਹੀ ਨ ਦੇਖੈ ਤਾਹਿ ਕੈਸੇ ਕੈ ਦਿਖਾਵਈ॥
ਰਾਗ ਨਾਦ ਬਾਦ ਪੂਛੇ ਬਹਰੋ ਜਉ ਬਹਰਾ ਪੈ ਸਮਝੈ ਨ ਆਪਿ ਤਾਹਿ ਕੈਸੇ ਸਮਝਾਵਈ॥
ਜੈਸੇ ਗੁੰਗ ਗੁੰਗ ਪਹਿ ਬਚਨ ਬਿਬੇਕ ਪੂਛੇ ਚਾਹੈ ਬੋਲਿ ਨ ਸਕਤ ਕੈਸੇ ਸਬਦ ਸੁਨਾਵਈ॥
ਬਿਨੁ ਸਤਿਗੁਰ ਖੋਜੈ ਬ੍ਰਹਮ ਗਿਆਨ ਧਿਆਨ ਅਨਿਥਾ ਅਗਿਆਨ ਮਤਿ ਆਨ ਪੈ ਨ ਪਾਵਈ॥

(ਕਬਿਤ ੪੭੪)

ਜੋ ਆਪ ਹੀ ਅਗਿਆਨਤਾ ਦੇ ਚਿੱਕੜ ਵਿੱਚ ਫਸਿਆ ਹੋਇਆ ਹੈ, ਉਹ ਦੂਜੇ ਨੂੰ ਗਿਆਨ ਨਹੀਂ ਦੇ ਸਕਦਾ। ਗਿਆਨ ਕੋਈ ਅਜਿਹੀ ਵਸਤੂ ਨਹੀਂ ਜੋ ਗੱਲਾਂ ਨਾਲ ਹੀ ਲਈ ਜਾਂ ਦਿੱਤੀ ਜਾ ਸਕਦੀ ਹੈ। ਗਿਆਨ ਤਾਂ ਉਹ ਰੱਬੀ ਦਾਤ ਹੈ ਜਿਸਦੀ ਪ੍ਰਾਪਤੀ ਨਾਲ ਭਰਮ ਦੇ ਪਰਦੇ ਖੁੱਲ੍ਹ ਜਾਂਦੇ ਹਨ। ਐਸੇ ਗਿਆਨ ਦੀ ਪ੍ਰਾਪਤੀ ਕੇਵਲ ਸੱਚੇ ਗੁਰੂ ਤੋਂ ਹੀ ਹੋ ਸਕਦੀ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

– ਸਤਿਗੁਰ ਸਬਦਿ ਉਜਾਰੋ ਦੀਪਾ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥ (੮੨੧)

ਇਨਸਾਨ ਸਦਾ ਮੇਰ ਤੇਰ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ ਪਰ ਜਦ ਸਚਾ ਗੁਰੂ ਅਗਿਆਨਤਾ ਨੂੰ ਕੱਟ ਦੇਵੇ ਤਾਂ ਸਾਰੇ ਆਤਮਿਕ ਬੰਧਨ ਛੁੱਟ ਜਾਂਦੇ ਹਨ।

– ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥ (੪੦੦)

ਪੰਚਮ ਪਿਤਾ ਦਾ ਫੁਰਮਾਨ ਹੈ ਕਿ ਜੋ ਵੀ ਪੂਰੇ ਗੁਰੂ ਦੀ ਸ਼ਰਨ ਆਇਆ ਹੈ, ਉਸਨੂੰ ਸਤਿਗੁਰੂ ਨੇ ਇਹ ਅਵਸਥਾ ਬਖਸ਼ੀ ਹੈ।

– ਮਹਾ ਮੁਗਧ ਤੇ ਕੀਆ ਗਿਆਨੀ॥ ਗੁਰ ਪੂਰੇ ਕੀ ਅਕਥ ਕਹਾਨੀ॥ (੧੩੩੮)

ਜਿਸ ਨੇ ਵੀ ਪੂਰੇ ਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਵਾਹਿਗੁਰੂ ਨੂੰ ਸੇਵਿਆ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਉਤਰਿਆ ਹੈ, ਗੁਰਵਾਕ ਹੈ:

– ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥ ਜਿਨਿ ਸੇਵਿਆ ਸੋ ਪਾਰਿ ਪਰਿਓ॥
ਜਨ ਨਾਨਕ ਗੁਰਮੁਖਿ ਜਗਤੁ ਤਰਿਓ॥ (੨੪੧)

ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:

– ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ॥ (੭੮)

ਇਨ੍ਹਾਂ ਸ਼ਬਦਾਂ ਤੋਂ ਉਸ ਅਵਸਥਾ ਦਾ ਭਲੀ ਪ੍ਰਕਾਰ ਪਤਾ ਲੱਗ ਜਾਂਦਾ ਹੈ ਜੋ ਸੱਚੇ ਗੁਰੂ ਤੋਂ ਪ੍ਰਾਪਤ ਹੋਏ ਗਿਆਨ ਦੁਆਰਾ ਮਿਲਦੀ ਹੈ। ਇਹ ਗੁਰੂ ਦੀ ਸਭ ਤੋਂ ਵੱਡੀ ਤਾਰੀਫ ਹੈ ਕਿ ਗੁਰੂ ‘‘ਅਗਿਆਨ ਨਾਸ਼ਕ’’ ਹੈ।

## ਗੁਰੂ ਬੰਦੀ ਛੋੜ

ਜੀਵ ਕਈ ਪ੍ਰਕਾਰ ਦੇ ਬੰਧਨਾਂ ਵਿੱਚ ਗ੍ਰਸਿਆ ਹੋਇਆ ਹੈ। ਇਨ੍ਹਾਂ ਬਾਰੇ ਗੁਰਬਾਣੀ ਦਾ ਹੁਕਮ ਇੰਜ ਹੈ:

– ਬੰਧਨ ਮਾਤ ਪਿਤਾ ਸੰਸਾਰਿ॥ ਬੰਧਨ ਸੁਤ ਕੰਨਿਆ ਅਰੁ ਨਾਰਿ॥
ਬੰਧਨ ਕਰਮ ਧਰਮ ਹਉ ਕੀਆ॥ ਬੰਧਨ ਪੁਤੁ ਕਲਤੁ ਮਨਿ ਬੀਆ॥
ਬੰਧਨ ਕਿਰਖੀ ਕਰਹਿ ਕਿਰਸਾਨ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥
ਬੰਧਨ ਸਉਦਾ ਅਣਵੀਚਾਰੀ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ॥
ਬੰਧਨ ਸਾਹ ਸੰਚਹਿ ਧਨੁ ਜਾਇ॥ ਬਿਨੁ ਹਰਿ ਭਗਤਿ ਨ ਪਵਈ ਥਾਇ॥
ਬੰਧਨ ਬੇਦੁ ਬਾਦੁ ਅਹੰਕਾਰ॥ ਬੰਧਨਿ ਬਿਨਸੈ ਮੋਹ ਵਿਕਾਰ॥
ਨਾਨਕ ਰਾਮ ਨਾਮ ਸਰਣਾਈ॥ ਸਤਿਗੁਰਿ ਰਾਖੇ ਬੰਧੁ ਨ ਪਾਈ॥ (੪੧੬)

ਇਨ੍ਹਾਂ ਬੰਧਨਾਂ ਦੀ ਨਵਿਰਤੀ ਦਾ ਸਾਧਨ ਪੰਚਮ ਪਿਤਾ ਇਸ ਪ੍ਰਕਾਰ ਦੱਸਦੇ ਹਨ:

– ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ॥
ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ॥ (੧੨੩੦)

– ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵ ਲਾਗੇ॥
ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ॥
ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ॥ (੫੨੭)

ਉਕਤ ਸ਼ਬਦਾਂ ਵਿੱਚ ਅਵਿਦਿਆ ਕਾਰਨ ਪਏ ਬੰਧਨਾਂ ਦੀ ਨਵਿਰਤੀ ਦਾ ਜ਼ਰੀਆ ਗੁਰੂ ਸਾਹਿਬ ਨੇ ਸੱਚਾ ਗੁਰੂ ਹੀ ਦੱਸਿਆ ਹੈ। ਬੰਧਨ ਬਾਰੇ ਹੁਕਮ ਹੈ:

**– ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ॥ ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ॥**
**ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ॥** (੧੪੧੫)

ਇਸ ਬੰਧਨ ਦੀ ਨਵਿਰਤੀ ਕਿਵੇਂ ਹੋਵੇ, ਗੁਰਵਾਕ ਹੈ:

**– ਆਤਮ ਰਾਮ ਪਰਗਾਸੁ ਗੁਰ ਤੇ ਹੋਵੈ॥ ਹਉਮੈ ਮੈਲੁ ਲਾਹੀ ਗੁਰ ਸਬਦੀ ਖੋਵੈ॥** (੧੨੩)

ਹਉਮੈ ਬੰਧਨ ਵੀ ਗੁਰੂ ਹੀ ਕੱਟ ਸਕਦਾ ਹੈ:

**– ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥**
**ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥**
**ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ॥**
**ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ॥** (੬੨੪)

**– ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ॥**
**ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥**
**ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥** (੭੩੨)

ਅੱਗੇ ਸੰਸਾ ਬੰਧਨ ਦਾ ਨਾਸ਼ ਦੱਸਦੇ ਹਨ:

**– ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥**
**ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥**
**ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥**
**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥**
**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥** (੯੧੯)

ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਸੰਸੇ ਰਹਿਤ ਹੋ ਕੇ ਸੱਚੇ ਗੁਰੂ ਦੀ ਸੇਵਾ ਕੀਤਿਆਂ ਫਿਰ ਕਿਸੇ ਪ੍ਰਕਾਰ ਦਾ ਰੋਗ ਨਹੀਂ ਲੱਗਦਾ:

**– ਸਤਿਗੁਰ ਸੇਵਹੁ ਸੰਕ ਨ ਕੀਜੈ॥ ਆਸਾ ਮਾਹਿ ਨਿਰਾਸੁ ਰਹੀਜੈ॥**
**ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ॥** (੧੦੪੩)

ਕਰਮ ਬੰਧਨ ਸੰਬੰਧੀ ਹੁਕਮ ਹੈ:

**– ਕੋਟਿ ਕਰਮ ਬੰਧਨ ਕਾ ਮੂਲੁ॥ ਹਰਿ ਕੇ ਭਜਨ ਬਿਨੁ ਬਿਰਥਾ ਪ੍ਰੁਲੁ॥** (੧੧੪੯)

ਗੁਰੂ ਸਾਹਿਬ ਦਾ ਹੁਕਮ ਹੈ ਕਿ ਜੋ ਲੋਕ ਨਾਮ ਸਿਮਰਨ ਬਿਨਾਂ ਕਰਮਾਂ ਧਰਮਾਂ ਰਾਹੀਂ ਮੁਕਤ ਹੋਣਾ ਚਾਹੁੰਦੇ ਹਨ, ਉਹ ਭਰਮ ਵਿੱਚ ਹਨ।

**– ਕਰਮ ਧਰਮ ਕਰਿ ਮੁਕਤਿ ਮੰਗਾਹੀ॥ ਮੁਕਤਿ ਪਦਾਰਥੁ ਸਬਦਿ ਸਲਾਹੀ॥**
**ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥** (੧੦੨੪)

ਕਾਮਨਾ ਬੰਧਨ ਬਾਰੇ ਉਪਦੇਸ਼ ਹੈ:

– ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ॥ ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ॥(੬੧)

– ਆਸਾ ਆਸ ਕਰੇ ਸਭੁ ਕੋਈ॥ ਹੁਕਮੈ ਬੂਝੈ ਨਿਰਾਸਾ ਹੋਈ॥
ਆਸਾ ਵਿਚਿ ਸੁਤੇ ਕਈ ਲੋਈ॥ ਸੋ ਜਾਗੈ ਜਾਗਾਵੈ ਸੋਈ॥ (੪੨੩)

ਆਸਾ ਤੋਂ ਛੁਟਕਾਰਾ ਕਿਵੇਂ ਮਿਲਦਾ ਹੈ?

– ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ॥
ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥ (੩੫੬)

– ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ॥ ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ॥ (੫੯)

ਜਨਮ ਮਰਨ ਦਾ ਬੰਧਨ ਸਭ ਤੋਂ ਦੁਖਦਾਈ ਹੈ ਜਿਸ ਤੋਂ ਕੋਈ ਵੀ ਜੀਵ ਬਚ ਨਹੀਂ ਸਕਦਾ, ਸੋ ਮਨੁੱਖ ਨੇ ਸੋਚਣਾ ਹੈ ਕਿ ਇਸ ਤੋਂ ਕਿਵੇਂ ਬਚਾਅ ਹੋ ਸਕੇ, ਗੁਰਵਾਕ ਹੈ:

– ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ॥ ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ॥(੪੨੨)
ਇਸ ਦਾ ਉੱਤਰ ਪੰਜਵੇਂ ਜਾਮੇ ਵਿਚ ਗੁਰੂ ਸਾਹਿਬ ਨੇ ਇਉਂ ਦਿੱਤਾ ਹੈ:

– ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ॥
ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ॥ (੨੫੫)

– ਤੂਟੇ ਬੰਧਨ ਸਾਧਸੰਗੁ ਪਾਇਆ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ॥ (੧੧੪੧)

ਉੱਪਰ ਆਏ ਸਾਰੇ ਸ਼ਬਦਾਂ ਵਿੱਚ ਹਰ ਪ੍ਰਕਾਰ ਦੇ ਬੰਧਨਾਂ ਦਾ ਕਾਰਨ ਅਤੇ ਉਨ੍ਹਾਂ ਤੋਂ ਛੁਟਕਾਰੇ ਦੇ ਉਪਾਅ ਬਾਰੇ ਸਿੱਧ ਹੁੰਦਾ ਹੈ ਕਿ ਸੱਚਾ ਗੁਰੂ ਹੀ ਜੀਵ ਦੇ ਬੰਧਨ ਕੱਟਦਾ ਹੈ। ਆਖਰੀ ਜੋ ਮੌਤ ਦਾ ਬੰਧਨ ਹੈ, ਇਸ ਤੋਂ ਤਾਂ ਬੜੇ ਬੜੇ ਨੀਤੀਵਾਨ, ਤਾਕਤਵਰ, ਰਾਜੇ, ਮਹਾਰਾਜੇ ਵੀ ਭੈਭੀਤ ਰਹਿੰਦੇ ਹਨ, ਪਰ ਜਿਸ ਨੂੰ ਸੱਚੇ ਗੁਰੂ ਦੀ ਪ੍ਰਾਪਤੀ ਹੋ ਜਾਵੇ ਉਹ ਇਸ ਬੰਧਨ ਤੋਂ ਮੁਕਤ ਹੋ ਜਾਂਦਾ ਹੈ, ਗੁਰਵਾਕ ਹੈ:

– ਵਡਭਾਗੀ ਸਤਿਗੁਰੁ ਪਾਇਆ॥ ਜਿਨਿ ਜਮ ਕਾ ਪੰਥੁ ਮਿਟਾਇਆ॥ (੬੨੩)

– ਗੁਰੁ ਬੋਹਿਥੁ ਤਾਰੇ ਭਵ ਪਾਰਿ॥ ਗੁਰ ਸੇਵਾ ਜਮ ਤੇ ਛੁਟਕਾਰਿ॥ (੮੬੪)

– ਮੈ ਜੁਗਿ ਜੁਗਿ ਦਯੈ ਸੇਵੜੀ॥ ਗੁਰਿ ਕਟੀ ਮਿਹਡੀ ਜੇਵੜੀ॥
ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ॥ (੭੪)

ਕਬੀਰ ਜੀ ਦਾ ਵਾਕ ਹੈ:

– ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ॥ ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ॥(੧੩੭੫)

ਭਾਈ ਗੁਰਦਾਸ ਜੀ ਦਾ ਕਥਨ ਹੈ:

– ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ॥
ਸਤਿਗੁਰ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ॥ (ਵਾਰ ੨੬, ਪਉੜੀ ੧੯)

ਇਹ ਪ੍ਰਮਾਣ ਸਾਬਤ ਕਰਦੇ ਹਨ ਕਿ ਗੁਰੂ ਉਹ ਹੈ ਜੋ ਬੰਦੀ ਛੋੜ ਹੋਵੇ ਅਥਵਾ ਜਿੱਥੇ ਕਿੱਥੇ ਲੋਕ ਪ੍ਰਲੋਕ ਵਿੱਚ ਸਿੱਖ ਦੀ ਸਹਾਇਤਾ ਕਰਨ ਨੂੰ ਸਮਰੱਥ ਹੋਵੇ। ਗੁਰੂ ਰਾਮਦਾਸ ਜੀ ਐਸੇ ਗੁਰੂ ਬਾਰੇ ਫੁਰਮਾਉਂਦੇ ਹਨ:

– ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ॥
ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ॥ (੫੮੮)

## ਕੱਚਾ ਗੁਰੂ

ਹੁਣ ਤੱਕ ਅਸਾਂ ਸੱਚੇ ਗੁਰੂ ਦੀਆਂ ਸਿਫ਼ਤਾਂ ਸੰਬੰਧੀ ਕੁਝ ਵਿਚਾਰਾਂ ਕੀਤੀਆਂ ਹਨ। ਭਾਈ ਗੁਰਦਾਸ ਜੀ ਦਾ ਕਥਨ ਹੈ:

– ਸਤਿਗੁਰ ਦਯਾ ਨਿਧਿ ਮਹਿਮਾ ਅਗਾਧਿ ਬੋਧ ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥ (ਕਬਿਤ ੧੧੧)

ਸਤਿਗੁਰੂ ਦੀ ਮਹਿਮਾ ਅਗਾਧ ਹੈ, ਜਿਸ ਨੂੰ ਕਥਨ ਕਰਨਾ ਸਮੁੰਦਰ ਮਾਪਣ ਦੇ ਬਰਾਬਰ ਹੈ। ਪਰ ਜੋ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਛੱਡ ਕੇ ਕੱਚੇ ਗੁਰੂਆਂ ਪਿੱਛੇ ਭਉਂਦੇ ਫਿਰਦੇ ਹਨ, ਉਨ੍ਹਾਂ ਨੂੰ ਅਗਲੇ ਸ਼ਬਦ ਧਿਆਨ ਨਾਲ ਸਮਝਣੇ ਚਾਹੀਦੇ ਹਨ:

– ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ॥ (੫੮੯)

– ਅੰਧੇ ਗੁਰੂ ਤੇ ਭਰਮੁ ਨ ਜਾਈ॥ ਮੂਲੁ ਛੋਡਿ ਲਾਗੇ ਦੂਜੈ ਭਾਈ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ॥ (੨੩੨)

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

– ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥ (੧੪੦)

ਗੁਰੂ ਸਾਹਿਬਾਨ ਦਾ ਐਸੇ ਕਰੜ੍ਹੇ ਸ਼ਬਦ ਵਰਤਣ ਦਾ ਭਾਵ ਇਹੀ ਸੀ ਕਿ ਲੋਕੀ ਭੇਖੀ ਗੁਰੂਆਂ ਦੇ ਜਾਲ ਵਿੱਚ ਫਸ ਕੇ ਆਪਣਾ ਜਨਮ ਬਰਬਾਦ ਨਾ ਕਰਨ। ਇੱਕ ਹੋਰ ਜਗ੍ਹਾ ਕੱਚੇ ਗੁਰੂ ਬਾਰੇ ਹੁਕਮ ਹੈ:

– ਕੇਤੇ ਮਾਤ ਪਿਤਾ ਸੁਤ ਧੀਆ॥ ਕੇਤੇ ਗੁਰ ਚੇਲੇ ਫੁਨਿ ਹੂਆ॥ ਕਾਚੇ ਗੁਰ ਤੇ ਮੁਕਤਿ ਨ ਹੂਆ॥ (੯੩੨)

– ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥ (੭੬੭)

ਫਿਰ ਪੰਜਵੇਂ ਜਾਮੇ ਵਿੱਚ ਹਜ਼ੂਰ ਨੇ ਇੰਜ ਫੁਰਮਾਇਆ ਹੈ:

– ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ॥ ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ॥ (੧੧੦੧)

ਇਹ ਸਾਰੇ ਸ਼ਬਦ ਸਿੱਧ ਕਰਦੇ ਹਨ ਕਿ ਅਗਿਆਨੀ ਗੁਰੂਆਂ ਤੋਂ ਜੀਵ ਦੀ ਕਲਿਆਣ ਨਹੀਂ ਹੋ ਸਕਦੀ। ਉਨ੍ਹਾਂ ਪਿੱਛੇ ਲੱਗਣ ਵਾਲਿਆਂ ਪ੍ਰਤੀ ਹੁਕਮ ਹੈ:

– ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥ (੯੫੪)

– ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥
ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥

**ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥ (੯੫੧)**

ਇਨ੍ਹਾਂ ਸ਼ਬਦਾਂ ਵਿੱਚ ਭੇਖੀ ਗੁਰੂਆਂ ਪਿੱਛੇ ਲੱਗਣ ਵਾਲਿਆਂ ਦੀ ਹਾਲਤ ਬਿਆਨੀ ਗਈ ਹੈ। ਭਗਤ ਕਬੀਰ ਜੀ ਉਨ੍ਹਾਂ ਨੂੰ ਹਦਾਇਤ ਕਰਦੇ ਹਨ:

**- ਕਬੀਰ ਮਾਇ ਮੁੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥**
**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ (੧੩੬੯)**

ਕੈਸੇ ਕਰੜੇ ਸ਼ਬਦ ਵਰਤੇ ਹਨ ਕਿ ਉਸ ਗੁਰੂ ਦੀ ਮਾਂ ਦਾ ਸਿਰ ਮੁੰਨ ਦਿਓ ਜਿਸ ਨੂੰ ਮਿਲਿਆਂ ਭਰਮ ਦੀ ਨਵਿਰਤੀ ਨਾ ਹੁੰਦੀ ਹੋਵੇ। ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ ਕਿ ਉਸਦੇ ਪੈਰੀਂ ਕਦੇ ਨਹੀਂ ਪੈਣਾ ਚਾਹੀਦਾ ਜੋ ਗੁਰੂ ਪੀਰ ਸਦਾ ਕੇ ਅਥਵਾ ਆਪਣੀ ਸਿੱਖੀ ਸੇਵਕੀ ਬਣਾ ਕੇ ਮੰਗ ਮੰਗ ਖਾਂਦਾ ਹੈ।

**- ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥ (੧੨੪੫)**

ਭਾਈ ਗੁਰਦਾਸ ਜੀ ਦਾ ਕਥਨ ਹੈ:

**- ਪਹਿਨੇ ਪੰਜੇ ਕਪੜੇ ਪੁਰਸਾਵਾਂ ਵੇਸੁ॥ ਮੁਛਾ ਦਾੜ੍ਹੀ ਸੋਹਣੀ ਬਹੁ ਦੁਰਬਲ ਵੇਸੁ॥**
**ਪੁਰਖੁ ਨ ਗਣਿ ਪੁਰਖਤੁ ਵਿਣੁ ਕਾਮਣਿ ਕਿ ਕਰੇਸੁ॥**
**ਵਿਣ ਗੁਣ ਗੁਰੂ ਸਦਾਇਦੇ ਕਉਣ ਕਰੈ ਅਦੇਸੁ॥ (ਵਾਰ ੩੬, ਪਉੜੀ ੧੧)**

**- ਜੈਸੇ ਕਾਚੋ ਪਾਰੋ ਖਾਤ ਉਪਜੈ ਬਿਕਾਰ ਗਾਤਿ ਰੋਮ ਰੋਮ ਕੈ ਪਿਰਾਤਿ ਮਹਾ ਦੁਖ ਪਾਈਐ॥**
**ਜੈਸੇ ਤਉ ਲਸਨ ਖਾਏ ਮੋਨਿ ਕੈ ਸਭਾ ਮੈ ਬੈਠੇ ਪ੍ਰਗਟੈ ਦੁਰਗੰਧ ਨਾਹਿ ਦੁਰਤਿ ਦੁਰਾਈਐ॥**
**ਜੈਸੇ ਮਿਸਟਾਨ ਪਾਨਿ ਸੰਗਮ ਕੈ ਮਾਖੀ ਲੀਲੇ ਹੋਤ ਉਕਲੇਦ ਖੇਦੁ ਸੰਕਟ ਸਹਾਈਐ॥**
**ਤੈਸੇ ਹੀ ਅਪਰਚੇ ਪਿੰਡ ਸਿਖਨ ਕੀ ਭਿਖਿਆ ਖਾਏ ਅੰਤਕਾਲ ਭਾਰੀ ਹੋਇ ਜਮਲੋਕ ਜਾਈਐ॥**

**(ਕਬਿਤ ੫੧੭)**

ਪਰ ਅੱਜ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਮੱਥੇ ਟਿਕਵਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੀ ਆੜ ਵਿੱਚ ਸਿੱਖ ਸੰਗਤਾਂ ਪਾਸੋਂ ਲੱਖਾਂ ਰੁਪਏ ਵਸੂਲ ਕਰਨ ਅਥਵਾ ਹਜ਼ਮ ਕਰਨ ਵਾਲਿਆਂ ਨੂੰ ਰਤੀ ਭਰ ਭੈਅ ਨਹੀਂ।

ਇਸ ਸਾਰੇ ਵਿਚਾਰ ਤੋਂ ਸਮੂਹ ਭੇਖੀਆਂ ਅਤੇ ਉਨ੍ਹਾਂ ਨੂੰ ਪੂਜਣ ਵਾਲਿਆਂ ਨੂੰ ਸਬਕ ਲੈਣਾ ਚਾਹੀਦਾ ਹੈ ਅਤੇ ਪਿਛਲੀ ਕੀਤੀ ਤੇ ਪਸ਼ਚਾਤਾਪ ਕਰਦੇ ਹੋਏ ਸੱਚੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨੀ ਪੈ ਕੇ ਬੇਮੁਖਤਾ ਦੇ ਦਾਗ਼ ਨੂੰ ਧੋਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:

**- ਰੋਗੀ ਮਾਣਸ ਹੋਇ ਕੈ ਫਿਰਦਾ ਬਾਹਲੇ ਵੈਦ ਪੁਛੰਦਾ॥**
**ਕਚੈ ਵੈਦ ਨ ਜਾਣਨੀ ਵੇਦਨ ਦਾਰੂ ਰੋਗੀ ਸੰਦਾ॥ (ਵਾਰ ੧੭, ਪਉੜੀ ੧੩)**

**- ਵਿਣੁ ਗੁਣੁ ਗੁਰੂ ਸਦਾਇਦੇ ਓਇ ਖੋਟੇ ਮਠੇ॥ (ਵਾਰ ੩੬, ਪਉੜੀ ੯)**

## ਗੁਰੂ ਤੋਂ ਬੇਮੁੱਖ ਦੀ ਹਾਲਤ

ਗੁਰੂ ਤੋਂ ਬੇਮੁੱਖ ਪੁਰਸ਼ਾਂ ਦੀ ਹਾਲਤ ਨੂੰ ਬਹੁਤ ਭਿਆਨਕ ਦੱਸਿਆ ਗਿਆ ਹੈ:

**- ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥**

ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ॥ (੩੦)

- ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ॥.....
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ॥ (੨੩੩)

- ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ॥
ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ॥ (੬੪੫)

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

- ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ॥
ਸੇਵਕ ਦਰਗਹ ਸੁਰਖਰੂ ਵੇਮੁਖ ਮੁਹੁ ਕਾਲਾ॥ (ਵਾਰ ੩੪, ਪਉੜੀ ੧)

- ਲਖ ਕਰੋੜੀ ਜੋੜੀਅਨਿ ਅਣਗਣਤ ਅਪਾਰੇ॥
ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥ (ਵਾਰ ੩੪, ਪਉੜੀ ੧੬)

- ਅਖੀ ਪਰਣੈ ਜੇ ਭਵੈ ਤਿਹੁ ਲੋਅ ਮਝਾਰੇ॥
ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ॥ (ਵਾਰ ੩੪, ਪਉੜੀ ੧੭)

ਜੋ ਸਤਿਗੁਰੂ ਤੋਂ ਬੇਮੁੱਖ ਹੋ ਕੇ ਆਪ ਹੀ ਗੁਰੂ ਬਣ ਜਾਂਦੇ ਹਨ, ਉਨ੍ਹਾਂ ਬਾਰੇ ਭਾਈ ਸਾਹਿਬ ਫੁਰਮਾਉਂਦੇ ਹਨ:

- ਆਪਿ ਨ ਵੰਞੈ ਸਾਹੁਰੇ ਸਿਖ ਲੋਕ ਸੁਣਾਵੈ॥ ਕੰਤੁ ਨ ਪੁਛੈ ਵਾਤੜੀ ਸੁਹਾਗੁ ਗਣਾਵੈ॥
ਚੂਹਾ ਖਡ ਨ ਮਾਵਈ ਲਕਿ ਛਜੁ ਵਲਾਵੈ॥ ਮੰਤੁ ਨ ਹੋਇ ਅਠੂਹਿਆ ਹਥੁ ਸਪੀਂ ਪਾਵੈ॥
ਸਰੁ ਸੰਨ੍ਹੈ ਆਗਾਸ ਨੋ ਫਿਰਿ ਮਥੈ ਆਵੈ॥ ਦੁਹੀ ਸਰਾਈਂ ਜਰਦਰੂ ਬੇਮੁਖ ਪਛੁਤਾਵੈ॥ (ਵਾਰ ੩੪, ਪਉੜੀ ੩)